ਤਿੰਨ ਭਾਸ਼ਾਈ ਸਪਤਾਹਿਕ

ਬਾਨੀ ਸ਼੍ਰੀਮਾਨ 108 ਸੰਤ ਗਰੀਬ ਦਾਸ ਜੀ
ਸਰਪ੍ਰਸਤ-ਸ਼੍ਰੀ 108 ਸੰਤ ਨਿਰੰਜਣ ਦਾਸ ਜੀ

NO/83/2000-2 PB-0004/09 (31-12-2011)
PUN PUN 2001/3865

# ਬੇਗਮਪੁਰਾ ਸ਼ਹਿਰ

ਸੁੰਦਰ ਨਗਰ, ਬੈਕ ਸਾਈਡ ਇੰਡਸਟ੍ਰੀਅਲ ਅਸਟੇਟ
ਜਲੰਧਰ-144 012 (ਪੰਜਾਬ)

मूल्य : 4 रुपए

Weekly PUNJABI-HINDI-ENGLISH (Trilingual weekly)

# Begumpura Shaher

SUNDER NAGAR, BACK SIDE INDUSTRIAL ESTATE
JALANDHAR-144 012. PH: 0181-2611697

त्रिभाषीय साप्ताहिक **बेगमपुरा शहर**
सुन्दर नगर, बैकसाईड इंडस्ट्रीयल एस्टेट
जालन्धर-144 012.

ਬਾਨੀ ਸੰਪਾਦਕ (ਬ੍ਰਹਮਲੀਨ) ਸੰਤ ਰਾਮਾ ਨੰਦ ਜੀ ਮੁੱਖ ਸੰਪਾਦਕ ਸੰਤ ਸੁਰਿੰਦਰ ਦਾਸ ਬਾਵਾ ਸਾਲ : 11 ਅੰਕ ਨੰ. 27 ਦਿਨ ਸੋਮਵਾਰ 24 ਅਕਤੂਬਰ, 2011 ਮੁਤਾਬਕ 8 ਕੱਤਕ
Founder Editor : (Brahamleen) Sant Rama Nand Ji, Chief Editor : Sant Surinder Dass Bawa, Year :11, Issue : 27, Day Monday, 24 October 2011 Bikrami Samvat 8 Kartik

## ਡੇਰਾ ਸੱਚਖੰਡ ਬੱਲਾਂ ਜਲੰਧਰ ਵਿਖੇ ਭਗਵਾਨ ਮਹਾਂਰਿਸ਼ੀ ਵਾਲਮੀਕਿ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਅਤੇ ਸੰਗਰਾਂਦ ਦਾ ਦਿਹਾੜਾ ਸ਼ਰਧਾ ਸਹਿਤ ਮਨਾਇਆ

ਮਿਤੀ 17-10-2011, (ਕੁਲਵੰਤ ਕਜਲਾ)-ਡੇਰਾ ਸੱਚਖੰਡ ਬੱਲਾਂ (ਜਲੰਧਰ) ਵਿਖੇ ਅਜਰ-ਅਮਰ ਤ੍ਰੈਕਾਲਦਰਸ਼ੀ ਭਗਵਾਨ ਮਹਾਂਰਿਸ਼ੀ ਵਾਲਮੀਕਿ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਅਤੇ ਕੱਤਕ ਦੀ ਸੰਗਰਾਂਦ ਦਾ ਸ਼ੁਭ ਦਿਹਾੜਾ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਦੀ ਦੇਖ-ਰੇਖ ਹੇਠ ਸ਼ਰਧਾ ਸਹਿਤ ਮਨਾਇਆ ਗਿਆ। ਜਿਸ ਦੇ ਸਬੰਧ ਵਿਚ ਅੰਮ੍ਰਿਤਬਾਣੀ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ 6 ਜਾਪ ਕਰਵਾਏ ਗਏ। ਆਰਤੀ ਦਾ ਗਾਇਨ ਗਿ. ਤਜਿੰਦਰ ਸਿੰਘ ਜੀ ਦੇ ਜੱਥੇ ਨੇ ਕੀਤਾ। ਉਪਰੰਤ ਸਮੁੱਚੀ ਮਾਨਵਤਾ ਦੇ ਭਲੇ ਲਈ ਗੁਰੂ ਮਹਾਰਾਜ ਜੀ ਅੱਗੇ ਅਰਦਾਸ ਬੇਨਤੀ ਕੀਤੀ ਗਈ ਦੀਵਾਨ ਕੀਰਤਨ ਸਜਾਏ ਗਏ। ਜਿਸ ਵਿਚ ਵੱਖ-ਵੱਖ ਕੀਰਤਨੀ ਜੱਥਿਆਂ ਨੇ ਅੰਮ੍ਰਿਤਬਾਣੀ ਦਾ ਕੀਰਤਨ ਕੀਤਾ। ਭਾਈ ਹਰਪਾਲ ਸਿੰਘ ਵਿਰਦੀ ਜੀ ਨੇ 'ਰੇ ਚਿਤੁ ਚੇਤੁ ਚੇਤੁ ਅਚੇਤੁ ਕਾਹੇ ਨਾ ਬਾਲਮੀਕਹ ਦੇਖ', ਗਿਆਨੀ ਉਂਕਾਰ ਸਿੰਘ ਜੀ ਗੜ੍ਹ ਪਧਾਣੇ ਵਾਲਿਆਂ ਨੇ 'ਹਮ ਸਰ ਦੀਨ ਦਿਆਲ ਨਾ ਤੁਮ ਸਰ', ਭਾਈ ਸਤੀਸ਼ ਜੀ ਕੈਂਟ ਵਾਲਿਆਂ ਨੇ, 'ਆਜ ਦਿਵਸ ਲੇਊ ਬਲਿਹਾਰਾ, ਐਸੀ ਲਾਲ ਤੁਝ ਬਿਨੁ ਕਉਨ ਕਰੈ' ਆਦਿ ਸ਼ਬਦਾਂ ਨਾਲ ਇਹਨਾਂ ਜੱਥਿਆਂ ਨੇ ਅੰਮ੍ਰਿਤਬਾਣੀ ਦੇ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਉਪਰੰਤ ਸ਼੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਨੇ ਆਪਣੇ ਮੁਖਾਰਬਿੰਦ 'ਚੋਂ ਸੰਗਤਾਂ ਨੂੰ ਕੱਤਕ ਦਾ ਮਹੀਨਾ ਸਰਵਣ ਕਰਵਾਇਆ। ਇਸ ਤੋਂ ਉਪਰੰਤ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਆਪਣੇ ਵੱਡਮੁੱਲੇ ਪ੍ਰਵਚਨਾਂ ਰਾਹੀਂ ਸਭ ਸੰਗਤਾਂ ਨੂੰ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਅਤੇ ਆਪਣੇ ਵਲੋਂ ਭਗਵਾਨ ਮਹਾਂਰਿਸ਼ੀ ਵਾਲਮੀਕਿ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਦਿੱਤੀਆਂ ਅਤੇ ਉਹਨਾਂ ਦੇ ਜੀਵਨ 'ਤੇ ਵਿਸ਼ੇਸ਼ ਚਾਨਣਾ ਪਾਉਂਦੇ ਹੋਏ ਕਿਹਾ ਕਿ ਭਗਵਾਨ ਮਹਾਂਰਿਸ਼ੀ ਵਾਲਮੀਕਿ ਮਹਾਰਾਜ ਜੀ ਮਹਾਨ ਬ੍ਰਹਮਗਿਆਨੀ, ਰਮਾਇਣ ਦੇ ਰਚੇਤਾ ਤੇ ਸ਼ਸ਼ਤਰ ਵਿਦਿਆ ਦੇ ਧਨੀ ਸਨ। ਉਹਨਾਂ ਕਿਹਾ ਜਗਤਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਅੰਮ੍ਰਿਤਬਾਣੀ ਵਿਚ ਉਚਾਰਨ ਕੀਤਾ ਹੈ, 'ਰੇ ਚਿਤੁ ਚੇਤੁ ਚੇਤੁ ਅਚੇਤੁ ਕਾਹੇ ਨਾ ਵਾਲਮੀਕਹ ਦੇਖੁ' ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਸਾਨੂੰ ਸੰਦੇਸ਼ ਦਿੱਤਾ ਹੈ ਕਿ ਸਾਨੂੰ ਭਗਵਾਨ ਮਹਾਂਰਿਸ਼ੀ ਵਾਲਮੀਕਿ ਮਹਾਰਾਜ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣਾ ਜੀਵਨ ਸਫਲ ਕਰਨਾ ਚਾਹੀਦਾ ਹੈ ਤੇ ਉਹਨਾਂ ਦੇ ਪਰਉਪਕਾਰਾਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਉਪਰੰਤ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਸੰਗਰਾਂਦ ਦੇ ਸ਼ੁਭ ਅਵਸਰ 'ਤੇ ਕੱਤਕ ਦੇ ਮਹੀਨੇ ਦਾ ਮਹੱਤਵ ਸੰਗਤਾਂ ਨੂੰ ਵਿਖਿਆਨ ਕਰਕੇ ਸਮਝਾਇਆ। ਕੱਤਕ ਦੇ ਮਹੀਨੇ ਦੇ ਸ਼ਬਦ ਦਾ ਉਚਾਰਨ ਪ੍ਰਧਾਨ ਗੁਰਦਿਆਲ ਸਿੰਘ ਜੀ ਨੇ ਕੀਤਾ। 'ਕੱਤਕ ਕਰਮ

(ਬਾਕੀ ਸਫ਼ਾ 3 'ਤੇ)

## ਪਿੰਡ ਪੰਡੋਰੀ ਖਜੂਰ (ਹੁਸ਼ਿਆਰਪੁਰ) ਵਿਖੇ ਮਹਾਨ ਸੰਤ ਸੰਮੇਲਨ ਕਰਵਾਇਆ

ਮਿਤੀ 18-10-2011 ਨੂੰ ਸ੍ਰੀ ਗੁਰੂ ਰਵਿਦਾਸ ਮਿਸ਼ਨ ਸੇਵਾ ਸੁਸਾਇਟੀ ਪਿੰਡ ਪੰਡੋਰੀ ਖਜੂਰ (ਹੁਸ਼ਿਆਰਪੁਰ) ਅਤੇ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੇ 634ਵੇਂ ਪ੍ਰਕਾਸ਼ ਉਤਸਵ ਨੂੰ ਅਤੇ ਅਮਰ ਸ਼ਹੀਦ ਸੰਤ ਰਾਮਾਨੰਦ ਮਹਾਰਾਜ ਜੀ ਨੂੰ ਸਮਰਪਿਤ ਮਹਾਨ ਸੰਤ ਸੰਮੇਲਨ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੀ ਸਰਪ੍ਰਸਤੀ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਦੇਖ-ਰੇਖ ਹੇਠ ਸ਼ਰਧਾ ਸਹਿਤ ਕਰਵਾਇਆ ਗਿਆ। ਅੰਮ੍ਰਿਤਬਾਣੀ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਪਾਵਨ ਜਾਪ ਕਰਵਾਏ ਗਏ ਆਰਤੀ ਦਾ ਗਾਇਨ ਕੀਤਾ ਗਿਆ। ਸਮੁੱਚੀ ਮਾਨਵਤਾ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ ਉਪਰੰਤ ਦੀਵਾਨ ਕੀਰਤਨ ਸਜਾਏ ਗਏ ਜਿਸ ਵਿਚ ਵੱਖ-ਵੱਖ ਕੀਰਤਨੀ ਜਥਿਆਂ ਨੇ ਅੰਮ੍ਰਿਤਬਾਣੀ ਦੇ ਸ਼ਬਦਾਂ ਦਾ ਕੀਰਤਨ ਕੀਤਾ। ਸ੍ਰੀ ਕੁਲਦੀਪ ਚੁੰਬਰ ਜੀ ਨੇ 'ਸਾਨੂੰ ਜਿੰਨੇ ਵੀ ਅੱਜ ਹੱਕ ਦਿੱਤੇ ਸਭ ਦਿੱਤੇ ਕਾਂਸ਼ੀ ਵਾਲੇ ਨੇ' ਸ੍ਰੀ ਬਲਵਿੰਦਰ ਬਿੱਟੂ ਜੀ ਨੇ 'ਅਣਖੀ ਲੋਕਾਂ ਦਾ ਅਣਖੀ ਨਾਅਰਾ', 'ਏਕੇ ਦਾ ਬਿਗਲ' ਸ੍ਰੀ ਜੋਗਿੰਦਰ ਦੁਖੀਆ ਜੀ ਨੇ 'ਅੰਮ੍ਰਿਤਬਾਣੀ ਅੰਮ੍ਰਿਤ ਦਾ ਭੰਡਾਰ ਹੈ', 'ਰਵਿਦਾਸੀਆ ਧਰਮ ਸਥਪਾਨਾ ਦਿਵਸ ਮਨਾਈਏ ਜੀ' ਰਚਨਾਵਾਂ ਗਾ ਕੇ ਸਮੂਹ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸੰਤ ਮੋਹਣ ਦਾਸ ਜੀ ਨੂਰਪੁਰ ਵਾਲਿਆਂ ਨੇ 'ਅੰਮ੍ਰਿਤਬਾਣੀ ਦਾ ਜਾਪ ਕਰਾਕੇ ਬੇਗਮਪੁਰਾ ਵਸਾਉਣਾ ਹੈ' ਅੰਮ੍ਰਿਤਬਾਣੀ ਦੀ ਮਹਿਮਾ ਸਰਵਣ ਕਰਵਾਈ। ਸੰਤ ਲੇਖ ਰਾਜ ਜੀ ਨੂਰਪੁਰ ਵਾਲਿਆਂ ਨੇ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਮਹਾਂਪੁਰਸ਼ਾਂ ਦਾ ਪਰਉਪਕਾਰਾਂ ਬਾਰੇ ਸੰਗਤਾਂ ਨੂੰ ਵਿਸ਼ੇਸ਼ ਜਾਣਕਾਰੀ ਦਿੱਤੀ। ਉਪਰੰਤ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਬੋਪਾਰਾਏ ਕਲਾਂ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਰਵਿਦਾਸੀਆ ਧਰਮ ਬਾਰੇ ਜਾਣਕਾਰੀ ਦਿੱਤੀ ਤੇ ਨਿਯਮਾਂ ਦੀ ਪਾਲਣਾ ਕਰਨ ਲਈ ਸੰਗਤਾਂ ਨੂੰ ਪ੍ਰੇਰਤ ਕੀਤਾ। ਉਪਰੰਤ ਸੰਤ ਸੁਖਵਿੰਦਰ ਦਾਸ ਜੀ ਢੱਡੇ ਵਾਲਿਆਂ ਨੇ ਸੰਗਤਾਂ ਨੂੰ ਅੰਮ੍ਰਿਤਬਾਣੀ ਨਾਲ ਜੁੜਕੇ ਉਸਦਾ ਗੁਰੂ ਘਰਾਂ ਵਿਚ ਪ੍ਰਕਾਸ਼ ਕਰਕੇ ਅੰਮ੍ਰਿਤਬਾਣੀ ਦੇ ਨਾਲ ਸਾਰੇ ਕਾਰਜ ਕਰਨ ਲਈ ਸੰਗਤਾਂ ਨੂੰ ਉਪਦੇਸ਼ ਦਿੱਤਾ। ਇਸ ਤੋਂ ਉਪਰੰਤ ਸ਼੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੇ ਸਹਿਯੋਗੀ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਆਪਣੇ ਵੱਡਮੁੱਲੇ ਪ੍ਰਵਚਨਾਂ

(ਬਾਕੀ ਸਫ਼ਾ 3 'ਤੇ)

## ਰਵਿਦਾਸੀਆ ਧਰਮ ਨੂੰ ਸਮਰਪਿਤ ਮਹਾਨ ਸੰਤ ਸੰਮੇਲਨ ਜ਼ਿਲ੍ਹਾ ਧਾਰ (ਮੱਧ ਪ੍ਰਦੇਸ਼) ਵਿਖੇ ਸ਼ਰਧਾ ਸਹਿਤ ਕਰਵਾਇਆ

### ਲੱਖਾਂ ਦੀ ਗਿਣਤੀ ਵਿਚ ਸੰਗਤਾਂ ਪਹੁੰਚੀਆਂ

ਮਿਤੀ 14-10-2011 (ਕੁਲਵੰਤ ਕਜਲਾ)-ਸ਼੍ਰੀ ਗੁਰੂ ਰਵਿਦਾਸ ਕੁੰਡ ਜ਼ਿਲਾ ਧਾਰ (ਮੱਧ ਪ੍ਰਦੇਸ਼) ਵਿਖੇ ਰਵਿਦਾਸੀਆ ਧਰਮ ਨੂੰ ਸਮਰਪਿਤ ਮਹਾਨ ਸੰਤ ਸੰਮੇਲਨ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਦੀ ਸਰਪ੍ਰਸਤੀ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਜਿਸ ਦੇ ਸਬੰਧ ਵਿਚ ਅੰਮ੍ਰਿਤਬਾਣੀ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਪਾਵਨ ਜਾਪ ਕਰਵਾਏ ਗਏ ਅਤੇ ਆਰਤੀ ਦਾ ਗਾਇਨ ਕੀਤਾ ਗਿਆ। ਸਮੁੱਚੀ ਮਾਨਵਤਾ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ। ਉਪਰੰਤ ਰਵਿਦਾਸੀਆ ਧਰਮ ਦੇ ਕੌਮੀ ਹਰਿ ਦੇ ਨਿਸ਼ਾਨ ਸਾਹਿਬ ਝੁਲਾਏ ਗਏ। ਉਪਰੰਤ ਦੀਵਾਨ ਕੀਰਤਨ ਸਜਾਏ ਗਏ, ਜਿਸ ਵਿਚ ਵੱਖ-ਵੱਖ ਕੀਰਤਨੀ ਜਥਿਆਂ ਨੇ ਅੰਮ੍ਰਿਤਬਾਣੀ ਦੇ ਸ਼ਬਦਾਂ ਦਾ ਕੀਰਤਨ ਸੰਗਤਾਂ ਨੂੰ ਸਰਵਣ ਕਰਵਾਇਆ। ਇਸ ਸਮਾਗਮ ਵਿਚ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ (ਮੌਜੂਦਾ ਗੱਦੀ ਨਸ਼ੀਨ) ਡੇਰਾ ਸੱਚਖੰਡ ਬੱਲਾਂ ਜਲੰਧਰ (ਪੰਜਾਬ) ਤੋਂ ਉਹਨਾਂ ਦੇ ਸਹਿਯੋਗੀ ਸੰਤ ਸੁਰਿੰਦਰ ਦਾਸ ਬਾਵਾ ਜੀ ਵਿਸ਼ੇਸ਼ ਤੌਰ 'ਤੇ ਇਸ ਮਹਾਨ ਸੰਤ ਸੰਮੇਲਨ ਵਿਚ ਪਹੁੰਚੇ। ਉਹਨਾਂ ਦੇ ਨਾਲ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਵਾਰਾਨਸੀ (ਯੂ.ਪੀ.) ਦੇ ਟਰੱਸਟੀ ਸ੍ਰੀ ਹੁਕਮ ਚੰਦ ਜੱਜ ਸਾਹਿਬ ਜੀ, ਰਿਟਾਇਰਡ ਪ੍ਰਿੰਸੀਪਲ ਸ੍ਰੀ ਜੋਗੀ ਰਾਮ ਜੀ, ਸ੍ਰੀ ਮਦਨ ਲਾਲ ਜੀ ਅਤੇ ਸ੍ਰੀ ਪ੍ਰਸ਼ੋਤਮ ਲਾਲ ਜੱਸਲ ਜੀ ਮਹਾਰਾਜ ਜੀ ਦੇ ਨਾਲ ਇਸ ਸਮਾਗਮ ਵਿਚ ਪਹੁੰਚੇ। ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੇ ਸਹਿਯੋਗੀ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਆਪਣੇ ਕ੍ਰਾਂਤੀਕਾਰੀ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਜਗਤਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨਾਲ ਜੋੜਕੇ ਅੰਮ੍ਰਿਤਬਾਣੀ ਦੇ ਪਾਵਨ ਸ਼ਬਦ 'ਰਵਿਦਾਸ ਜਹਿ ਗ੍ਰੰਥ ਹੈ, ਪੜੈ ਸੁਨੈ ਲਾਇ, ਸਭ ਹੀ ਪਦਾਰਥ ਮਿਲੇਂਗੇ ਇਸਸੇ ਸਭ ਵਰ ਪਾਇ।' ਉਹਨਾਂ ਕਿਹਾ ਕਿ ਸਤਿਗੁਰ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਜੋ ਵੀ ਅੰਮ੍ਰਿਤਬਾਣੀ ਨੂੰ ਸ਼ਰਧਾ ਨਾਲ ਇਕ ਮਨ ਇਕ ਚਿੱਤ ਹੋ ਕੇ ਪੜ੍ਹਦੇ ਹਨ। ਉਹਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਤੋਟ ਨਹੀਂ

(ਬਾਕੀ ਸਫ਼ਾ 5 'ਤੇ)

## ਪਿੰਡ ਖਡਿਆਲਾ ਸੈਣੀਆਂ ਵਿਖੇ ਬ੍ਰਹਮਲੀਨ ਸ਼੍ਰੀ 108 ਸੰਤ ਸਰਵਣ ਦਾਸ ਮਹਾਰਾਜ ਜੀ ਦੇ 40ਵੇਂ ਬਰਸੀ ਸਮਾਗਮ ਅਤੇ ਰਵਿਦਾਸੀਆ ਧਰਮ ਦੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੇ ਸ਼ਹੀਦੀ ਸਮਾਗਮ ਨੂੰ ਸਮਰਪਿਤ ਸੰਤ ਸੰਮੇਲਨ



ਮਿਤੀ 7-10-2011 (ਕੁਲਵੰਤ ਕਜਲਾ) ਦਿਨ ਸ਼ੁੱਕਰਵਾਰ ਨੂੰ ਪਿੰਡ ਖਡਿਆਲਾ ਸੈਣੀਆਂ (ਹੁਸ਼ਿਆਰਪੁਰ) ਵਿਖੇ ਸ਼੍ਰੀ ਗੁਰੂ ਰਵਿਦਾਸ ਸਭਾ ਅਤੇ ਸ਼੍ਰੀ 108 ਸੰਤ ਰਾਮਾ ਨੰਦ ਜੀ ਫਾਊਂਡੇਸ਼ਨ ਕਲੱਬ ਅਤੇ ਇਲਾਕੇ ਦੀ ਸਮੂਹ ਸੰਗਤ ਵਲੋਂ ਬ੍ਰਹਮਲੀਨ ਸ਼੍ਰੀ 108 ਸੰਤ ਸਰਵਣ ਦਾਸ ਮਹਾਰਾਜ ਜੀ ਦੇ 40ਵੇਂ ਬਰਸੀ ਸਮਾਗਮ ਅਤੇ ਰਵਿਦਾਸੀਆ ਧਰਮ ਦੇ ਮਹਾਨ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੇ ਦੂਸਰੇ ਸ਼ਹੀਦੀ ਸਮਾਗਮ ਨੂੰ ਸਮਰਪਿਤ ਦੂਸਰਾ ਸੰਤ ਸੰਮੇਲਨ ਅਤੇ ਚੇਤਨਾ ਸਮਾਗਮ ਸ਼੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੀ ਸਰਪ੍ਰਸਤੀ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਦੇਖ-ਰੇਖ ਹੇਠ ਸ਼ਰਧਾ ਸਹਿਤ ਕਰਵਾਇਆ ਗਿਆ, ਜਿਸਦੇ ਸੰਬੰਧ ਵਿਚ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਜਾਪ ਕਰਵਾਏ ਗਏ। ਆਰਤੀ ਦਾ ਗਾਇਨ ਸੰਤ ਸੇਵਾ ਦਾਸ ਜੀ, ਗਿਆਨੀ ਖੁਸ਼ਹਾਲ ਸਿੰਘ ਜੀ, ਗਿਆਨੀ ਕੁਲਵਿੰਦਰ ਸੋਨੂੰ ਜੀ ਨੇ ਕੀਤਾ। ਸਮੁੱਚੀ ਮਾਨਵਤਾ ਦੇ ਭਲੇ ਲਈ ਗੁਰੂ ਮਹਾਰਾਜ ਜੀ ਅੱਗੇ ਅਰਦਾਸ ਬੇਨਤੀ ਕੀਤੀ ਗਈ। ਉਪਰੰਤ ਦੀਵਾਨ ਕੀਰਤਨ ਸਜਾਏ ਗਏ, ਜਿਸ ਵਿਚ ਸੰਤ ਸੇਵਾ ਦਾਸ ਜੀ ਨੇ ਅੰਮ੍ਰਿਤਬਾਣੀ ਦਾ ਸ਼ਬਦ 'ਆਜ ਦਿਵਸ ਲੇਊ ਬਲਿਹਾਰਾ, ਮੇਰੇ ਗ੍ਰਿਹਿ ਆਇਆ ਰਾਜਾ ਰਾਮ ਜੀ ਕਾ ਪਿਆਰਾ' ਸੰਗਤਾਂ ਨੂੰ ਸ਼ਬਦ ਸਰਵਣ ਕਰਵਾਇਆ। ਉਪਰੰਤ ਸ਼੍ਰੀ ਬਲਵਿੰਦਰ ਬਿੱਟੂ ਜੀ ਨੇ 'ਸੰਤਾਂ ਦੇ ਬੋਲ, ਬੋਲੇ ਸੋ ਨਿਰਭੈ, ਸਾਨੂੰ ਜਿੰਨੇ ਵੀ ਅੱਜ ਹੱਕ ਦਿੱਤੇ ਸਭ ਦਿੱਤੇ ਕਾਂਸ਼ੀ ਵਾਲੇ ਨੇ, ਏਕੇ ਦਾ ਬਿਗਲ', ਰਚਨਾਵਾਂ ਸਰਵਣ ਕਰਾ ਕੇ ਨਿਹਾਲ ਕੀਤਾ। ਉਪਰੰਤ (ਦਾਸ) ਕੁਲਵੰਤ ਕਜਲਾ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਬ੍ਰਹਮਲੀਨ ਸ਼੍ਰੀ 108 ਸੰਤ ਸਰਵਣ ਦਾਸ ਮਹਾਰਾਜ ਦੀ ਮਹਿਮਾ ਵਿਚ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਕਲਮ ਦੁਆਰਾ ਬਿਆਨ ਕੀਤੀ ਮਹਿਮਾ ਵਿਚ ਧੰਨ ਸਤਿਗੁਰ ਰਵਿਦਾਸ ਜੀ ਧੰਨ ਹੈ ਤੇਰੀ ਕਮਾਈ, ਮਹਿਮਾ ਸਰਵਣ ਕਰਵਾਈ। ਉਪਰੰਤ ਸੰਤ ਮੋਹਨ ਦਾਸ ਜੀ ਨੂਰਪੁਰ ਵਾਲਿਆਂ ਨੇ 'ਉਹ ਨਗਰੀ ਭਾਗਾਂ ਵਾਲੀ ਤਰ ਜਾਊਗੀ ਜਿੱਥੇ ਚਰਨ ਗੁਰਾਂ ਦੇ ਪੈਂਦੇ ਮਹਿਮਾ ਸੁਣਾ ਕੇ ਨਿਹਾਲ ਕੀਤਾ। ਇਸ ਤੋਂ ਉਪਰੰਤ ਸੰਤ ਲੇਖ ਰਾਜ ਜੀ ਨੂਰਪੁਰ ਵਾਲਿਆਂ ਨੇ ਸਤਿਗੁਰਾਂ ਵਲੋਂ ਕੀਤੇ ਮਹਾਨ ਕਾਰਜ ਅਤੇ ਕੌਮ 'ਤੇ ਕੀਤੇ ਪਰਉਪਕਾਰਾਂ ਦਾ ਸੰਗਤਾਂ ਨੂੰ ਗਿਆਨ ਬਖਸ਼ਿਸ਼ ਕੀਤਾ। ਉਪਰੰਤ ਸੰਤ ਰਾਜਨ ਗਿਰ ਜੀ (ਰਾਜਪੁਰ ਕੰਢੀ) ਵਾਲਿਆਂ ਨੇ ਆਪਣੇ ਪ੍ਰਵਚਨ ਸਰਵਣ ਕਰਾਏ। ਉਪਰੰਤ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਬੋਪਾਰਾਏ ਕਲਾਂ ਵਾਲਿਆਂ ਨੇ ਸੰਗਤਾਂ ਨੂੰ ਅੰਮ੍ਰਿਤਬਾਣੀ ਨਾਲ ਜੋੜ ਕੇ ਆਪਣੇ ਸਾਰੇ ਕਾਰਜ ਅੰਮ੍ਰਿਤਬਾਣੀ ਨਾਲ ਕਰਨ ਲਈ ਪ੍ਰੇਰਤ ਕੀਤਾ। ਉਪਰੰਤ ਸੰਤ ਸੁਖਵਿੰਦਰ ਦਾਸ ਜੀ ਢੱਡੇ ਵਾਲਿਆਂ ਨੇ ਰਵਿਦਾਸੀਆ ਧਰਮ 'ਤੇ ਵਿਸ਼ੇਸ਼ ਚਾਨਣਾ ਪਾਉਂਦੇ ਹੋਏ ਕਿਹਾ ਕਿ ਸਾਨੂੰ ਆਪਣੇ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ। ਇਸ ਤੋਂ ਉਪਰੰਤ ਸ਼੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੇ ਸਹਿਯੋਗੀ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਆਪਣੇ ਵੱਡਮੁੱਲੇ ਅਤੇ ਕ੍ਰਾਂਤੀਕਾਰੀ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਸੰਘਰਸ਼ਮਈ ਜੀਵਨ 'ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਹੱਕ ਤੇ ਸੱਚ ਦੀ ਲੜਾਈ ਲੜੀ ਤੇ ਸਾਨੂੰ ਧਾਰਮਿਕ ਆਜ਼ਾਦੀ ਲੈ ਕੇ ਦਿੱਤੀ ਤੇ 'ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ' ਦਾ ਕ੍ਰਾਂਤੀਕਾਰੀ ਸੰਦੇਸ਼ ਬਖਸ਼ਿਸ਼ ਕੀਤਾ। ਉਨ੍ਹਾਂ ਕਿਹਾ ਕਿ ਅੱਜ ਸਾਡਾ ਰਵਿਦਾਸੀਆ ਧਰਮ ਹੈ, ਸਾਡਾ ਅੰਮ੍ਰਿਤਬਾਣੀ ਦਾ ਆਪਣਾ ਗ੍ਰੰਥ ਹੈ, ਅੱਜ ਅਸੀਂ ਆਪਣੇ ਰਹਿਬਰਾਂ ਦੀ ਬਦੌਲਤ ਆਜ਼ਾਦੀ ਮਾਣ ਰਹੇ ਹਾਂ। ਉਨ੍ਹਾਂ ਕਿਹਾ ਸਦੀਆਂ ਤੋਂ ਬਾਅਦ ਸਤਿਗੁਰ ਸੁਆਮੀ ਸਰਵਣ ਦਾਸ ਜੀ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਮੁੜ ਸੁਰਜੀਤ ਕਰਕੇ ਪੂਰੇ ਵਿਸ਼ਵ ਵਿਚ ਜਨ-ਜਨ ਤੱਕ ਪਹੁੰਚਾਇਆ ਹੈ। ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਅਤੇ ਸ਼ਹੀਦ ਤੇਲੂ ਰਾਮ ਜੀ, ਸ਼ਹੀਦ ਵਿਜੈ ਕੁਮਾਰ ਜੀ, ਸ਼ਹੀਦ ਬਲਕਾਰ ਸਿੰਘ ਜੀ ਅਤੇ ਸ਼ਹੀਦ ਰਜਿੰਦਰ ਕੁਮਾਰ ਜੀ ਨੇ ਰਹਿਬਰਾਂ ਦੇ ਮਿਸ਼ਨ ਲਈ ਸ਼ਹਾਦਤ ਦਾ ਜਾਮ ਪੀ ਕੇ ਰਵਿਦਾਸੀਆ ਧਰਮ ਦੀ ਸਿਰਜਣਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰੇ ਹੀ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਤੇ ਆਪਣੇ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਚਾਹੀਦਾ ਹੈ। ਸਾਨੂੰ ਆਪਣੇ ਰਹਿਬਰਾਂ ਦੀ ਸੋਚ 'ਤੇ ਪਹਿਰਾ ਦੇ ਕੇ ਉਨ੍ਹਾਂ ਦੇ ਸੁਪਨਿਆਂ ਨੂੰ ਸਕਾਰ ਕਰਨਾ ਚਾਹੀਦਾ ਹੈ। ਇਸ ਸਮਾਗਮ ਵਿਚ ਸੰਤ ਸੁਰੇਸ਼ ਦਾਸ ਜੀ ਫਗਵਾੜਾ, ਸੰਤ ਭਗਤ ਰਾਮ ਜੀ ਗੁਰਾਇਆ ਨੇ ਵੀ ਹਾਜ਼ਰੀ ਭਰੀ। ਇਸ ਮੌਕੇ 'ਤੇ ਉਘੇ ਸਮਾਜ ਸੇਵਕ ਸ਼੍ਰੀ ਸੁਮਿੱਤਰ ਸਿੰਘ ਸੀਕਰੀ ਜੀ ਉਮੀਦਵਾਰ ਹਲਕਾ ਸ਼ਾਮਚੁਰਾਸੀ ਅਤੇ ਸ਼੍ਰੀ ਰਾਜ ਕੁਮਾਰ ਜੀ ਫੰਬੀਆਂ ਨੇ ਵੀ ਹਾਜ਼ਰੀ ਭਰੀ। ਪ੍ਰਬੰਧਕ ਕਮੇਟੀ ਵਲੋਂ ਆਏ ਸੰਤ-ਮਹਾਂਪੁਰਸ਼ਾਂ ਦਾ ਮਾਣ-ਸਨਮਾਨ ਕੀਤਾ ਗਿਆ ਅਤੇ ਸਮਾਗਮ ਵਿਚ ਵੱਡਮੁੱਲੀਆਂ ਸੇਵਾਵਾਂ ਨਿਭਾਉਣ ਵਾਲੀਆਂ ਸੰਗਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ 'ਤੇ ਸ਼੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਨੂੰ ਜੋ ਮਾਇਆ ਸੰਗਤਾਂ ਨੇ ਨਮਸਕਾਰ ਕੀਤੀ। ਮਹਾਰਾਜ ਜੀ ਨੇ ਆਸ਼ੀਰਵਾਦ ਦੇ ਵਜੋਂ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤੀ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਅੰਮ੍ਰਿਤਬਾਣੀ ਦਾ ਜਸ ਸਰਵਣ ਕਰਕੇ ਆਪਣਾ ਜੀਵਨ ਸਫਲ ਕੀਤਾ। ਇਸ ਸਮਾਗਮ ਵਿਚ ਸਟੇਜ ਸਕੱਤਰ ਦੀ ਸੇਵਾ ਮਾਸਟਰ ਸੋਮ ਰਾਜ ਜੀ ਨੇ ਨਿਭਾਈ। ਸਮਾਗਮ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਛਕਾਇਆ ਗਿਆ।

## ਫਿਰ ਬਹਾਰਾਂ ਮੁੜ ਕੇ ਆਈਆਂ...

ਫਿਰ ਬਹਾਰਾਂ ਮੁੜ ਕੇ ਆਈਆਂ, ਖਿੜ ਉਠੀ ਗੁਲਜ਼ਾਰ।
ਜੀ ਪ੍ਰੇਮੀ ਭਗਤੋ, ਲੈ ਲਉ ਸਤਿਗੁਰ ਦਾ ਪਿਆਰ।
ਮਾਘ ਦੀ ਪੁੰਨਿਆਂ ਭਾਗਾਂ ਵਾਲੀ, ਸੋਹਣਾ ਦਿਨ ਸੀ ਚੜ੍ਹਿਆ।
ਕਾਂਸ਼ੀ ਦੇ ਵਿਚ ਜਨਮ ਧਾਰ ਕੇ, ਐਸਾ ਕੌਤਕ ਧਰਿਆ।
ਹੱਥ ਵਿਚ ਇਹਦੇ 'ਹਰਿ' ਦਾ ਝੰਡਾ, ਗਲ ਵਿਚ ਸੋਹਣੇ ਹਾਰ।
ਜੀ ਪ੍ਰੇਮੀ ਭਗਤੋ......।
ਆਪਾਂ ਵੀ ਇਹਦੇ ਦਰ 'ਤੇ ਜਾਣਾ, ਸਭ ਦਾ ਪਾਲਣਹਾਰਾ।
ਚਰਨਾਂ ਦੇ ਵਿਚ ਜਿਹੜਾ ਆਵੇ, ਕਰਦਾ ਪਾਰ ਉਤਾਰਾ।
ਬੇਗਮਪੁਰੇ ਦੀ ਗੱਲ ਹੈ ਕਰਦਾ, ਦਿੰਦਾ ਸਭ ਨੂੰ ਸਤਿਕਾਰ।
ਜੀ ਪ੍ਰੇਮੀ ਭਗਤੋ......।
ਦੇਸ਼-ਵਿਦੇਸ਼ ਤੋਂ ਸੰਗਤਾਂ ਆਈਆਂ, ਚਰਨੀਂ ਸੀਸ ਨਿਭਾਉਣ।
ਖੁਸ਼ੀਆਂ ਦੇ ਵਿਚ ਭੰਗੜੇ ਪਾਉਂਦੇ, ਨੱਚ-ਨੱਚ ਗੀਤ ਹੈ ਗਾਵਣ।
ਸਾਡੇ ਵਿਹੜੇ ਖੁਸ਼ੀਆਂ ਆਈਆਂ, ਖਿੜ ਉਠੀ ਗੁਲਜ਼ਾਰ।
ਜੀ ਪ੍ਰੇਮੀ ਭਗਤੋ......।
ਸਭਨਾਂ ਦਾ ਸਤਿਕਾਰ ਹੈ ਕਰਨਾ, ਗੁਰਾਂ ਇਹ ਸਮਝਾਇਆ।
ਅੰਮ੍ਰਿਤਬਾਣੀ ਦਾ ਜਾਪ ਕਰਾਉਣਾ, ਸਤਿਗੁਰਾਂ ਫਰਮਾਇਆ।
'ਹਰਿ' ਦਾ ਨਿਸ਼ਾਨ ਸਤਿਗੁਰਾਂ ਝੁਲਾਇਆ, ਝੁਲਾਇਆ ਵਿਚ ਸੰਸਾਰ।
ਜੀ ਪ੍ਰੇਮੀ ਭਗਤੋ......।
ਗੁਰੂ ਰਵਿਦਾਸ ਜੀ ਰਹਿਬਰ ਸਾਡੇ, ਕਾਂਸ਼ੀ ਦੇ ਵਿਚ ਆਏ।
ਬੱਲਾਂ ਵਾਲੇ ਸੰਤਾਂ ਜਿੱਥੇ ਜਾ ਕੇ ਮੰਦਿਰ ਬਣਾਏ।
ਸੋਨੇ ਦਾ ਮੰਦਿਰ ਬਨਾਉਣਾ, ਬਨਾਉਣਾ ਏਸ ਸਾਲ।
ਜੀ ਪ੍ਰੇਮੀ ਭਗਤੋ......।
ਮੋਹਣ ਦਾਸ 'ਤੇ ਨਜ਼ਰ ਫੇਰ ਦੇ, ਦਰ ਤੇਰੇ 'ਤੇ ਆਵੇ।
ਪਿੰਡ ਨੂਰਪੁਰ ਬੈਠਾ ਆਪਣੇ ਹੱਥੀਂ ਕਾਲਮ ਚਲਾਵੇ।
ਬੰਗੜਾਂ 'ਤੇ ਵੀ ਕਿਰਪਾ ਕਰ ਦਿਉ, ਕਰ ਦਿਉ ਭਵਜਲੋਂ ਪਾਰ।
ਜੀ ਪ੍ਰੇਮੀ ਭਗਤੋ......।

—ਸੰਤ ਸੋਹਣ ਦਾਸ







(ਸਫਾ 1 ਦੀ ਬਾਕੀ)

ਰਾਹੀਂ ਸੰਗਤਾਂ ਨੂੰ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਸੰਘਰਸ਼-ਮਈ ਜੀਵਨ ਅਤੇ ਉਹਨਾਂ ਦੀ ਇਨਕਲਾਬੀ ਸੋਚ ਉਤੇ ਵਿਸ਼ੇਸ਼ ਚਾਨਣਾ ਪਾਇਆ। ਉਹਨਾਂ ਕਿਹਾ ਕਿ ਅੱਜ ਅਸੀਂ ਧਾਰਮਿਕ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ ਤਾਂ ਸਤਿਗੁਰ ਰਵਿਦਾਸ ਮਹਾਰਾਜ ਜੀ ਦੀ ਕ੍ਰਿਪਾ ਸਦਕਾ ਮਾਣ ਰਹੇ ਹਾਂ। ਸਤਿਗੁਰ ਜੀ ਨੇ ਸਮੁੱਚੀ ਮਾਨਵਤਾ ਦੇ ਭਲੇ ਲਈ ਬੇਗਮਪੁਰੇ ਵਤਨ ਦਾ ਨਾਅਰਾ ਬੁਲੰਦ ਕੀਤਾ ਹੈ ਤੇ ਸਭ ਨੂੰ ਮਿਲ-ਜੁਲਕੇ ਇਕੱਠੇ ਰਹਿਣ ਦਾ ਸੰਦੇਸ਼ ਦਿੱਤਾ ਹੈ। ਸਾਨੂੰ ਉਹਨਾਂ ਦੀ ਸੋਚ ’ਤੇ ਹਮੇਸ਼ਾ ਹੀ ਪਹਿਰਾ ਦੇਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਭਾਰਤ ਦੇ ਸੰਵਿਧਾਨ ਦੀ ਰਚਨਾ ਬੇਗਮਪੁਰੇ ਵਤਨ ’ਤੇ ਆਧਾਰਿਤ ਕਰਕੇ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਹੋਰ ਅੱਗੇ ਵਧਾਇਆ ਹੈ। ਅਮਰ ਸ਼ਹੀਦ ਸੰਤ ਰਾਮਾਨੰਦ ਮਹਾਰਾਜ ਜੀ ਦੇ ਬਾਰੇ ਬੋਲਦਿਆਂ ਕਿਹਾ ਕਿ ਰਵਿਦਾਸੀਆ ਧਰਮ ਦੀ ਸਥਾਪਨਾ ਇਹਨਾਂ ਦੀ ਸ਼ਹਾਦਤ ਨੇ ਕੀਤੀ ਹੈ। ਸ਼ਹੀਦ ਰਜਿੰਦਰ ਕੁਮਾਰ ਜੀ, ਸ਼ਹੀਦ ਵਿਜੈ ਕੁਮਾਰ ਜੀ, ਸ਼ਹੀਦ ਬਲਕਾਰ ਸਿੰਘ ਜੀ, ਸ਼ਹੀਦ ਤੇਲੂ ਰਾਮ ਜੀ ਨੇ ਸ਼ਹਾਦਤ ਦਾ ਜਾਮ ਪੀ ਕੇ ਰਵਿਦਾਸੀਆ ਧਰਮ ਦੀ ਨੀਂਹ ਨੂੰ ਹੋਰ ਮਜ਼ਬੂਤ ਕੀਤਾ ਹੈ। ਸਮੁੱਚੀ ਰਵਿਦਾਸੀਆ ਕੌਮ ਇਹਨਾਂ ਦਾ ਕਰਜ਼ ਕਦੇ ਵੀ ਨਹੀਂ ਉਤਾਰ ਸਕਦੀ, ਉਹਨਾਂ ਕਿਹਾ ਕਿ ਸਾਨੂੰ ਹਮੇਸ਼ਾ ਆਪਣੇ ਰਹਿਬਰਾਂ ਦੀ ਕੁਰਬਾਨੀ ਨੂੰ ਯਾਦ ਰੱਖਣਾ ਚਾਹੀਦਾ ਹੈ। ਅੱਜ ਸਾਡਾ ਆਪਣਾ ਅੰਮ੍ਰਿਤਬਾਣੀ ਦਾ ਗ੍ਰੰਥ ਹੈ ਜਿਸ ਨੂੰ ਮੁੱਖ ਰੱਖਕੇ ਆਪਣੇ ਸਾਰੇ ਕਾਰਜ ਕਰਨੇ ਚਾਹੀਦੇ ਹਨ। ਸਾਨੂੰ ਸਾਰੇ ਹੀ ਧਰਮਾ ਦਾ ਸਤਿਕਾਰ ਕਰਨਾ ਚਾਹੀਦਾ ਹੈ, ਸਾਰੇ ਹੀ ਧਰਮ ਸਾਨੂੰ ਸੱਚ ਦਾ ਰਾਹ ਦਰਸਾਉਂਦੇ ਹਨ। ਸਾਨੂੰ ਆਪਣੇ ਰਹਿਬਰਾਂ ਦੇ ਸੁਪਨਿਆਂ ਨੂੰ ਹਮੇਸ਼ਾ ਹੀ ਸਾਕਾਰ ਕਰਨਾ ਚਾਹੀਦਾ ਹੈ। ਇਸ ਸਮਾਗਮ ਵਿਚ ਵੱਡੀ ਗਿਣਤੀ ਵਿਚ ਸੰਤ ਸਮਾਜ ਨੇ ਹਾਜ਼ਰੀ ਭਰੀ। ਇਸ ਮੌਕੇ ’ਤੇ ਪ੍ਰਬੰਧਕ ਕਮੇਟੀ ਵਲੋਂ ਆਏ ਸੰਤ-ਮਹਾਂਪੁਰਸ਼ਾਂ ਦਾ ਮਾਣ ਸਨਮਾਨ ਕੀਤਾ ਗਿਆ। ਇਸ ਸਮਾਗਮ ਵਿਚ ਸੰਗਤਾਂ ਨੇ ਜੋ ਮਾਇਆ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਨੂੰ ਨਮਸਕਾਰ ਕੀਤੀ, ਮਹਾਰਾਜ ਜੀ ਨੇ ਆਸ਼ੀਰਵਾਦ ਵਜੋਂ ਪ੍ਰਬੰਧਕਾਂ ਨੂੰ ਭੇਟ ਕਰ ਦਿੱਤੀ। ਉਘੇ ਸਮਾਜ ਸੇਵੀ ਸ੍ਰੀ ਸੁਮਿੱਤਰ ਸਿੰਘ ਸੀਕਰੀ ਜੀ, ਸ੍ਰੀ ਗੁਰਮੁਖ ਸਿੰਘ ਪ੍ਰਧਾਨ, ਸ੍ਰੀ ਗੁਰਦੀਪ ਰਾਮ ਕੈਸ਼ੀਅਰ, ਸ੍ਰੀ ਰਾਜ ਕੁਮਾਰ ਸਕੱਤਰ ਫੰਬੀਆਂ ਆਦਿ ਨੇ ਵੀ ਸਮਾਗਮ ਵਿਚ ਹਾਜ਼ਰੀ ਭਰੀ। ਇਸ ਸਮਾਗਮ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਅੰਮ੍ਰਿਤਬਾਣੀ ਦਾ ਜੱਸ ਸਰਵਣ ਕਰਕੇ ਆਪਣਾ ਜੀਵਨ ਸਫਲ ਕੀਤਾ। ਸਮਾਗਮ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਛਕਾਇਆ ਗਿਆ। ਸਟੇਜ ਸਕੱਤਰ ਦੀ ਸੇਵਾ ਸ੍ਰੀ ਨਿਰੰਜਣ ਦਾਸ ਚੀਮਾ ਜੀ ਨੇ ਬਾਖੂਬੀ ਨਿਭਾਈ।







## ਡੇਰਾ ਸੱਚਖੰਡ ਬੱਲਾਂ ਜਲੰਧਰ ਵਿਖੇ ਭਗਵਾਨ ਮਹਾਂਰਿਸ਼ੀ ਵਾਲਮੀਕਿ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਅਤੇ ਸੰਗਰਾਂਦ ਦਾ ਦਿਹਾੜਾ ਸ਼ਰਧਾ ਸਹਿਤ ਮਨਾਇਆ

(ਸਫਾ 1 ਦੀ ਬਾਕੀ)

ਤਿਆਗ ਕਰ ਭਗਤ ਕਰੋ ਗੁਰਦੇਵ, ਸੋਹੰ-ਸੋਹੰ ਜਪਦਿਆਂ ਕਰ ਸੰਤਨ ਕੀ ਸੇਵ’। ਮਹਾਰਾਜ ਜੀ ਨੇ ਕਿਹਾ ਕਿ ਸਾਨੂੰ ਪੂਰੇ ਗੁਰੂ ਦੇ ਵਲੋਂ ਦਿੱਤੇ ਹੋਏ ਸ਼ਬਦ ਦਾ ਅਭਿਆਸ ਕਰਨਾ ਚਾਹੀਦਾ ਹੈ ਤੇ ਸੰਤ-ਮਹਾਂਪੁਰਸ਼ਾਂ ਦੀ ਸੇਵਾ ਕਰਨੀ ਚਾਹੀਦੀ ਹੈ। ਤਾਂ ਹੀ ਸਾਡਾ ਜੀਵਨ ਸਫਲ ਹੋਵੇਗਾ ਤੇ ਆਪਣੇ ਰਹਿਬਰਾਂ ਦੇ ਮਿਸ਼ਨ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਚਾਹੀਦਾ ਹੈ। ਉਪਰੰਤ ਸ਼੍ਰੀ ਬਲਵਿੰਦਰ ਬਿੱਟੂ ਜੀ ਨੇ ਮਹਾਂਰਿਸ਼ੀ ਵਾਲਮੀਕਿ ਦੀਆਂ ਖੇਡਾਂ ਨੇ ਨਿਆਰੀਆਂ, ਸ੍ਰੀ ਜੋਗਿੰਦਰ ਦੁਖੀਆ ਜੀ ਨੇ ਅੰਮ੍ਰਿਤਬਾਣੀ ਗੁਰੂ ਰਵਿਦਾਸ ਜੀ ਦੀ ਅੰਮ੍ਰਿਤ ਦਾ ਭੰਡਾਰ ਹੈ, ਕਾਬਲ ਰਾਮ ਟਾਂਡੀ ਵਾਲਿਆਂ ਨੇ ‘ਮੈਨੂੰ ਨੌਕਰ ਰੱਖ ਲਉ ਸਤਿਗੁਰ ਜੀ ਆਪਣੇ ਦਰਬਾਰ ਦਾ’ ਉਪਰੰਤ ਸੰਤ ਲੇਖ ਰਾਜ ਜੀ ਨੂਰਪੁਰ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਉਪਰੰਤ (ਦਾਸ) ਕੁਲਵੰਤ ਕਜਲਾ ਨੇ ‘ਜੈ-ਜੈ ਵਾਲਮੀਕਿ ਭਗਵਾਨ ਜੱਗ ਤੋਂ ਉੱਚੀ ਕਲਮ ਸੀ ਤੇਰੀ ਜੱਗ ਤੋਂ ਉੱਚੀ ਸ਼ਾਨ ਭਗਵਾਨ ਮਹਾਂਰਿਸ਼ੀ ਵਾਲਮੀਕਿ ਮਹਾਰਾਜ ਜੀ ਦੀ ਮਹਿਮਾ ਸੰਗਤਾਂ ਨੂੰ ਸਰਵਣ ਕਰਵਾਈ। ਉਪਰੰਤ ਮਾਤਾ ਕਲਸਾਂ ਦੇਵੀ ਭਜਨ ਮੰਡਲੀ ਬੂਟਾ ਮੰਡੀ ਵਾਲਿਆਂ ਬੀਬੀਆਂ ਦੇ ਜੱਥੇ ਨੇ ਸਤਿਗੁਰਾਂ ਦੀ ਮਹਿਮਾ ਸਰਵਣ ਕਰਵਾਈ। ਇਸ ਸਮਾਗਮ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਜੱਸ ਸਰਵਣ ਕਰਕੇ ਆਪਣਾ ਜੀਵਨ ਸਫਲ ਕੀਤਾ। ਸਟੇਜ ਸਕੱਤਰ ਦੀ ਸੇਵਾ ਪ੍ਰਧਾਨ ਗੁਰਦਿਆਲ ਸਿੰਘ ਜੀ ਨੇ ਬਾਖੂਬੀ ਨਿਭਾਈ।

## सूचना

अमृतवाणी सतगुरु रविदास महाराज जी का प्रोग्राम दूरदर्शन डी.डी. पंजाबी पर हर मंगलवार को रात 9-00 बजे से 9-30 बजे तक प्रसारित होता है। संगत इससे लाभ प्राप्त कर सकती हैं।

## ਸੂਚਨਾ

ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰੋਗਰਾਮ ਵੀਨਸ ਟੀ.ਵੀ. ’ਤੇ ਭਾਰਤੀ ਸਮੇਂ ਮੁਤਾਬਿਕ ਰਾਤ 11-30 ਵਜੇ ਤੋਂ 12-30 ਵਜੇ ਤੱਕ ਸਤਿਗੁਰੂ ਰਵਿਦਾਸ ਇੰਟਰਨੈਸ਼ਨ ਮਿਸ਼ਨ ਵਲੋਂ ਪ੍ਰਸਾਰਤ ਕੀਤਾ ਜਾਂਦਾ ਹੈ। ਸੰਗਤਾਂ ਇਸ ਤੋਂ ਲਾਭ ਪ੍ਰਾਪਤ ਕਰ ਸਕਦੀਆਂ ਹਨ ।

ਉਪਕਾਰ

# ਤੇਰੀ ਸ਼ਕਤੀ ਦੇ ਬਲਿਹਾਰੇ

—ਕੌਮੀ ਕਵੀ ਕਰਮ ਚੰਦ 'ਪ੍ਰੇਮੀ'

ਸੁਆਮੀ ਰਵਿਦਾਸ ਪਿਤਾ ਤੇਰੀ ਸ਼ਕਤੀ ਦੇ ਬਲਹਾਰੇ।
ਉਹ ਸਮਾਂ ਭਿਆਨਕ ਸੀ ਜਦੋਂ ਗੁਰੂ ਰਵਿਦਾਸ ਜੀ ਆਏ।
ਇਸ ਕੌਮ ਨਿਮਾਣੀ ਤੇ, ਮਨੂੰ ਨੇ ਢਾਡੇ ਫ਼ਤਵੇ ਲਏ।
ਦੁਖੀਏ ਮਜਲੂਮਾਂ ਤੇ, ਜ਼ਾਲਮਾਂ ਕੀਤੇ ਜ਼ੁਲਮ ਕਰਾਰੇ।
ਸੁਆਮੀ ਰਵਿਦਾਸ ਪਿਤਾ...............।

ਉਚੇ ਲੋਕ ਅਛੂਤਾਂ ਦਾ, ਦਰਸ਼ਨ ਨਾ ਚਾਹੁੰਦੇ ਸੀ ਕਰਨਾ।
ਛੂਤ-ਛਾਤ ਘਨੇਰੀ ਸੀ, ਜਿਸ ਤੋਂ ਕਹਿਣ ਮੁਨਾਸਿਬ ਮਰਨਾ।
ਖਾਨਾਂ ਬੇਦੋਸਾਂ ਨੂੰ ਦੁਨੀਆਂ, ਬੁਰੀ ਤਰ੍ਹਾਂ ਦੁਰਕਾਰੇ।
ਸੁਆਮੀ ਰਵਿਦਾਸ ਪਿਤਾ...............।

ਪੰਦਰਾਂ ਤਿਥ ਮਾਘ ਸੁਧੀ, ਜਗਤ ਮੇ ਚਰਨ ਮੁਬਾਰਿਕ ਪਾਏ।
ਪਾਪਾਂ ਦੀ ਗਰਦਸ਼ ਮੇਂ, ਝੰਡੇ ਸੱਚ ਦੇ ਆਣ ਝੁਲਾਏ।
ਰੱਬੀ ਜੋਤ ਨਰਾਲੀ ਨੇ, ਮਾਰੇ ਭਾਨ ਵਾਂਗ ਚਮਕਾਰੇ।
ਸੁਆਮੀ ਰਵਿਦਾਸ ਪਿਤਾ................।

ਜੀਵਾਂ ਦੇ ਤਾਰਨ ਕੋ, ਕਰਦੇ ਸਤਿਸੰਗ ਪੜ੍ਹਦੇ ਬਾਣੀ।
ਕਿਸੇ ਵਿਰਲੇ 'ਪ੍ਰੇਮੀ' ਨੇ, ਉਹਨਾਂ ਦੀ ਗੁੱਝੀ ਰਮਜ ਪਛਾਣੀਂ।
ਪੀਕੇ ਕੁੰਨ ਦਾ ਅੰਮ੍ਰਿਤ ਜੋ, ਦੁਨੀਆਂ ਲੁੱਟਦੀ ਫਿਰੇ ਨਜਾਰੇ।
ਸੁਆਮੀ ਰਵਿਦਾਸ ਪਿਤਾ ਤੇਰੀ ਸ਼ਕਤੀ ਦੇ ਬਲਹਾਰੇ।

# ਬਾਬਾ ਸਾਹਿਬ ਦੀ ਕਹਾਣੀ

ਬਾਬਾ ਸਾਹਿਬ ਦੀ ਕਹਾਣੀ, ਹੋਣੀ ਕਦੇ ਨਾ ਪੁਰਾਣੀ।
ਬੰਦਾ ਐਸਾ ਵੀ ਜਹਾਨ ਉੱਤੇ ਹੋਇਆ।
ਪੈਦਾ ਹੋ ਕੇ ਮਿੱਟੀ ਦੇ ਵਿੱਚੋਂ, ਬਾਬਾ ਸਾਹਿਬ ਨੇ ਅੰਬਰ ਨੂੰ ਛੋਹਿਆ।

ਕੀਤੀਆਂ ਪੜ੍ਹਾਈਆਂ ਤੰਗੀਆਂ ਨੂੰ ਕੱਟ ਕੱਟ ਕੇ।
ਬਣਿਆ ਮਸੀਹਾ ਨੇਕੀਆਂ ਨੂੰ ਖੱਟ ਖੱਟ ਕੇ।
ਪੀੜ ਜੱਗ ਦੀ ਨੂੰ ਸੀਨੇ 'ਚ ਲੁਕੋਇਆ,
ਪੈਦਾ ਹੋ ਕੇ ਮਿੱਟੀ ਦੇ ਵਿੱਚੋਂ ..............................।

ਰਾਹ ਦੇ ਵਿੱਚ ਆਈਆਂ ਲੱਖ ਔਕੜਾਂ ਰੁਕਾਵਟਾਂ।
ਜ਼ਿੰਦਗੀ ਦੇ ਵਿੱਚ ਨਹੀਂ ਮੰਨੀਆਂ ਥਕਾਵਟਾਂ।
ਬੂਹਾ ਕਦੇ ਨਾ ਗ਼ਰੀਬਾਂ ਲਈ ਢੋਇਆ।
ਪੈਦਾ ਹੋ ਕੇ ਮਿੱਟੀ ਦੇ ਵਿੱਚੋਂ ..............................।

ਲਿਖੀਆਂ ਕਿਤਾਬਾਂ ਜਾਣੋ ਰੌਸ਼ਨ ਮੀਨਾਰ ਨੇ।
ਮੁਕਤੀ ਤੇ ਸ਼ਕਤੀ ਦੇ ਵੱਡੇ ਹਥਿਆਰ ਨੇ।
ਜਿਨ੍ਹੇ ਪੜ੍ਹੀਆਂ, ਗਿਆਨਵਾਨ ਹੋਇਆ,
ਪੈਦਾ ਹੋ ਕੇ ਮਿੱਟੀ ਦੇ ਵਿੱਚੋਂ ..............................।

ਆਸਾਂ ਤੇ ਉਮੀਦਾਂ, ਅਰਮਾਨ ਪੂਰੇ ਕੀਤੇ ਨੇ।
ਜਿਹੜੇ ਸੀ ਅਧੂਰੇ, ਇਨਸਾਨ ਪੂਰੇ ਕੀਤੇ ਨੇ।
ਜਾਤੀਵਾਦ ਨੂੰ ਕੀਤਾ ਅੱਧਮੋਇਆ।
ਪੈਦਾ ਹੋ ਕੇ ਮਿੱਟੀ ਦੇ ਵਿੱਚੋਂ ..............................।

ਲੁੱਟਿਆਂ ਲਤਾੜਿਆਂ ਦਾ ਸਾਥ ਦਿੱਤਾ ਡਟ ਕੇ।
'ਸਹਿਜਲ' ਮਸੀਹਾ ਮੇਰਾ ਸਾਰਿਆਂ ਤੋਂ ਹਟ ਕੇ।
ਬਾਬਾ ਸਾਹਿਬ ਜਿਹਾ, ਹੋਰ ਕਿਹੜਾ ਹੋਇਆ,
ਪੈਦਾ ਹੋ ਕੇ ਮਿੱਟੀ ਦੇ ਵਿੱਚੋਂ, ਬਾਬਾ ਸਾਹਿਬ ਨੇ ਅੰਬਰ ਨੂੰ ਛੋਹਿਆ।

*—ਸੋਹਣ ਸਹਿਜਲ, ਫਗਵਾੜਾ*

ਡੇਰਾ ਸੱਚਖੰਡ ਬੱਲਾਂ ਦਾ e-mail ਐਡਰੈੱਸ
**sachkhandballan@yahoo.co.in**

ਸੂਚਨਾ-'ਬੇਗਮਪੁਰਾ ਸ਼ਹਿਰ ਪੱਤ੍ਰਿਕਾ' ਦੀ ਆਨ ਲਾਈਨ ਸੇਵਾ (Internet Service) ਦੇਖੋ **www.begumpurashaher.net.**

ਸੂਚਨਾ-'ਬੇਗਮਪੁਰਾ ਸ਼ਹਿਰ ਪੱਤ੍ਰਿਕਾ' ਦਾ E-mail ਐਡਰੈੱਸ
begumpurashaher@yahoo.com

ਸੂਚਨਾ-ਲੇਖਕਾਂ ਦੀਆਂ ਰਚਨਾਵਾਂ ਨਾਲ ਮੁੱਖ ਸੰਪਾਦਕ ਤੇ ਸੰਪਾਦਕੀ ਮੰਡਲ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



# ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਢੇਪੁਰ-ਕੁਪੁਰ ਵਾਸਤੇ ਸੱਤ ਲੱਖ ਰੁਪਏ ਦਾ ਦਾਨ ਦਿੱਤਾ

ਮਿਤੀ 16-10-2011 (ਕੁਲਵੰਤ ਕਜਲਾ)-ਜਗਤਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਕ੍ਰਿਪਾ ਸਦਕਾ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਮਹਾਂਪੁਰਸ਼ਾਂ ਦੇ ਸ਼ਰਧਾਲੂ ਪਰਿਵਾਰ ਸਤਿਕਾਰਯੋਗ ਸ. ਪਿਆਰਾ ਸਿੰਘ ਬੰਗੜ ਜੀ ਤੇ ਉਹਨਾਂ ਦੇ ਜੀਵਨ ਸਾਥੀ ਬੀਬੀ ਪ੍ਰੀਤਮ ਕੌਰ ਜੀ ਪਿੰਡ ਰਾਜੋਵਾਲ (ਹੁਸ਼ਿਆਰਪੁਰ) ਵਾਲਿਆਂ ਵਲੋਂ ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ (ਢੇਪੁਰ-ਕੁਪੁਰ) ਅੱਡਾ ਕਠਾਰ (ਜਲੰਧਰ) ਵਾਸਤੇ ਸਹਿਯੋਗ ਵਜੋਂ ਸੱਤ ਲੱਖ ਰੁਪਏ ਦਾ ਦਾਨ ਕੀਤਾ ਗਿਆ। ਸ਼ਰਧਾਲੂ ਪਰਿਵਾਰ ਨੇ ਸੱਤ ਲੱਖ ਰੁਪਏ ਦਾ ਚੈਕ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਡੇਰਾ ਸੱਚਖੰਡ ਬੱਲਾਂ ਵਿਖੇ ਭੇਟ ਕੀਤਾ। ਇਸ ਮੌਕੇ ਤੇ ਮਹਾਰਾਜ ਜੀ ਦੇ ਨਾਲ ਸ੍ਰੀ ਸਾਧੂ ਰਾਮ ਹੀਰ ਜੀ (ਸੈਕਟਰੀ), ਸ੍ਰੀ ਕ੍ਰਿਪਾਲ ਚੰਦ ਜੀ (ਖਜ਼ਾਨਚੀ), ਸ੍ਰੀ ਕ੍ਰਿਸ਼ਨ ਲਾਲ ਮਹੇ ਜੀ, ਸ੍ਰੀ ਪਿਆਰੇ ਲਾਲ ਵਿਰਦੀ ਜੀ (ਮੈਨੇਜਰ) ਹਾਜ਼ਰ ਸਨ। ਇਸ ਮੌਕੇ ਤੇ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਨੇ ਸ. ਪਿਆਰਾ ਸਿੰਘ ਬੰਗੜ ਜੀ ਅਤੇ ਬੀਬੀ ਪ੍ਰੀਤਮ ਕੌਰ ਜੀ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ। ਮਹਾਰਾਜ ਜੀ ਨੇ ਕਿਹਾ ਕਿ ਸਾਨੂੰ ਹਮੇਸ਼ਾਂ ਹੀ ਸਮਾਜ ਭਲਾਈ ਦੇ ਕਾਰਜਾਂ ਵਿਚ ਵੱਧ ਚੜ੍ਹਕੇ ਹਿੱਸਾ ਪਾ ਕੇ ਆਪਣਾ ਜੀਵਨ ਸਫਲ ਕਰਨਾ ਚਾਹੀਦਾ ਹੈ।

# ਤਰੱਕੀ ਕਿਵੇਂ ਹੋਵੇ

*-ਚਰਨ ਦਾਸ 'ਪਾਲ' ਜੰਡੂ ਸਿੰਘਾ*

ਬੰਦਾ ਉਹ ਤਰੱਕੀ ਹੈ ਕਰ ਸਕਦਾ,
ਜਿਹਦਾ ਸਤਿਗੁਰਾਂ ਵਲ ਖਿਆਲ ਹੋਵੇ।
ਨਸ਼ਾ ਕੋਈ ਵੀ ਆਉਣ ਨਾ ਦੇਵੇ ਲਾਗੇ,
ਨਾਲੇ ਦੋ ਜਾਂ ਤਿੰਨ ਹੀ ਬਾਲ ਹੋਵੇ।
ਬੜਾ ਮਿਹਨਤੀ ਕਫਾਇਤ ਸ਼ੁਆਰ ਹੋਵੇ,
ਬਾਕੀ ਬੱਚਿਆਂ ਲਈ ਮਿਸਾਲ ਹੋਵੇ।
ਬੰਦਾ ਝੱਟ ਪਛਾਣਿਆ ਜਾ ਸਕਦਾ,
ਜਿੱਦਾਂ ਗੋਦੜੀ ਦੇ ਵਿਚ ਲਾਲ ਹੋਵੇ।
ਧਰਮ ਰਾਜ ਦੇ ਕੋਲ ਹਿਸਾਬ ਸਾਰਾ,
ਭਾਵੇਂ ਰਾਜਾ ਤੇ ਭਾਵੇਂ ਕੰਗਾਲ ਹੋਵੇ।
ਬੰਦਾ ਵਿੱਦਿਆ ਵਿਚ ਨਿਪੁੰਨ ਹੋਵੇ,
ਨਾਲੇ ਉੱਚਾ ਤੇ ਸੁੱਚਾ ਖਿਆਲ ਹੋਵੇ।
ਦਯਾ, ਨਿਮਰਤਾ, ਸਚਾਈ ਪਸੰਦ ਹੋਵੇ,
ਰੱਖਦਾ ਸਿਹਤ ਦਾ ਜਿਹੜਾ ਸੰਭਾਲ ਹੋਵੇ।
ਕਦੇ ਹੌਸਲਾ ਛੱਡੇ ਨਾ ਦੁੱਖ ਵੇਲੇ,
ਜੀਣਾ ਭਾਵੇਂ ਹੀ ਉਹਦਾ ਮੁਹਾਲ ਹੋਵੇ।
ਦੌਲਤ ਉਹਦੇ ਦਾ ਕਰੇ ਹੰਕਾਰ ਨਾਹੀਂ,
ਭਾਵੇਂ ਘਰ ਕਿੰਨਾ ਮਾਲਾ ਮਾਲ ਹੋਵੇ।
ਇਹ ਸਭ ਰਹਿਮਤਾਂ ਬਖਸ਼ਿਸ਼ਾਂ ਮਿਲਦੀਆਂ ਹਨ,
ਜਦੋਂ ਸਤਿਗੁਰੂ ਤੇਰਾ ਦਿਆਲ ਹੋਵੇ।
ਚਿੰਤਨ ਕਰੇ ਪਰ ਚਿੰਤਾ ਨਾ ਕਰੇ ਕੋਈ,
ਹਿਰਦਾ ਹਰ ਦਮ ਹੀ ਤੇਰਾ ਨਿਹਾਲ ਹੋਵੇ।
ਖਾਹਿਸ਼ਾਂ ਉਤੇ ਵੀ ਜ਼ਰਾ ਕੰਟਰੋਲ ਰੱਖੀਂ,
ਜੀਵਨ ਤੇਰਾ ਫਿਰ ਦੇਖੀਂ ਕਮਾਲ ਹੋਵੇ।
ਮੇਰੇ ਵੀਰਨਾ ਸਤ ਸੰਤੋਖ ਰੱਖੀਂ,
ਜੀਵਨ ਦੇਖੀਂ ਫਿਰ ਕਿੱਦਾਂ ਖੁਸ਼ਹਾਲ ਹੋਵੇ।
ਉੱਦਮ ਅੱਗੇ ਤੇ ਲਕਸ਼ਮੀ ਫਿਰੇ ਪਿੱਛੇ,
ਬੇਸ਼ੱਕ ਕਿੱਡਾ ਵੀ ਔਖਾ ਸਵਾਲ ਹੋਵੇ।
ਇਨ੍ਹਾਂ ਗੱਲਾਂ ਤੇ ਕਰੇਗਾ ਅਮਲ ਜੇਕਰ,
ਤੇਰਾ ਕਦੇ ਵੀ ਵਿੰਗਾ ਨਾ ਬਾਲ ਹੋਵੇ।
ਹਰ ਹਾਲ ਵਿਚ ਕਰੇਗਾ ਫੁੱਲ ਉੱਨਤੀ,
ਭਾਵੇਂ ਸਾਹਿਲ ਹੋਵੇ ਭਾਵੇਂ 'ਪਾਲ' ਹੋਵੇ।

## ਰਵਿਦਾਸੀਆ ਧਰਮ ਨੂੰ ਸਮਰਪਿਤ ਮਹਾਨ ਸੰਤ ਸੰਮੇਲਨ ਜ਼ਿਲ੍ਹਾ ਧਾਰ (ਮੱਧ ਪ੍ਰਦੇਸ਼) ਵਿਖੇ ਸ਼ਰਧਾ ਸਹਿਤ ਕਰਵਾਇਆ

(ਸਫਾ 1 ਦੀ ਬਾਕੀ)

ਆਉਂਦੀ। ਸਾਨੂੰ ਆਪਣੇ ਸਾਰੇ ਕਾਰਜ ਅੰਮ੍ਰਿਤਬਾਣੀ ਨੂੰ ਮੁੱਖ ਰੱਖਕੇ ਕਰਨੇ ਚਾਹੀਦੇ ਹਨ। ਉਹਨਾਂ ਕਿਹਾ ਕਿ ਅੱਜ ਸਤਿਗੁਰ ਰਵਿਦਾਸ ਮਹਾਰਾਜ ਜੀ ਦੀ ਕ੍ਰਿਪਾ ਸਦਕਾ ਸਾਡਾ ਆਪਣਾ ਰਵਿਦਾਸੀਆ ਧਰਮ ਬਣਿਆ ਹੈ। ਅੱਜ ਅਸੀਂ ਫਖਰ ਨਾਲ ਕਹਿ ਸਕਦੇ ਹਾਂ ਕਿ ਅਸੀਂ ਰਵਿਦਾਸੀਏ ਹਾਂ। ਅੱਜ ਪੂਰੇ ਵਿਸ਼ਵ ਵਿਚ ਰਹਿ ਰਹੇ ਰਵਿਦਾਸੀਆ ਧਰਮ ਦੇ ਪੈਰੋਕਾਰਾਂ ਅੰਦਰ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਉਹਨਾਂ ਕਿਹਾ ਅਮਰ ਸ਼ਹੀਦ ਸੰਤ ਰਾਮਾਨੰਦ ਮਹਾਰਾਜ ਜੀ ਦੀ ਸ਼ਹਾਦਤ ਨੇ ਅਤੇ ਸ਼ਹੀਦ ਵਿਜੈ ਕੁਮਾਰ ਜੀ, ਸ਼ਹੀਦ ਰਜਿੰਦਰ ਕੁਮਾਰ ਜੀ, ਸ਼ਹੀਦ ਬਲਕਾਰ ਸਿੰਘ ਜੀ, ਸ਼ਹੀਦ ਤੇਲੂ ਰਾਮ ਜੀ ਦੀ ਸ਼ਹਾਦਤ ਨੇ ਰਵਿਦਾਸੀਆ ਧਰਮ ਦੀ ਨੀਂਹ ਰੱਖੀ ਹੈ ਤੇ ਸਮੁੱਚੀ ਕੌਮ ਨੂੰ ਇਕ ਪਲੇਟ ਫਾਰਮ 'ਤੇ ਇਕੱਠਾ ਕਰਕੇ ਕੌਮ ਅੰਦਰ ਨਵੀਂ ਕ੍ਰਾਂਤੀ ਲਿਆਂਦੀ ਹੈ 'ਤੇ ਇਹਨਾਂ ਦੀ ਸ਼ਹਾਦਤ ਨੂੰ ਕਦੇ ਵੀ ਨਹੀਂ ਭੁਲਾਇਆ ਜਾਵੇਗਾ। ਇਤਿਹਾਸ ਦੇ ਪੰਨਿਆਂ 'ਤੇ ਇਹਨਾਂ ਦਾ ਨਾਮ ਹਮੇਸ਼ਾ ਹੀ ਚਮਕਦਾ ਰਹੇਗਾ। ਉਹਨਾਂ ਕਿਹਾ ਕਿ ਸਦੀਆਂ ਤੋਂ ਬਾਅਦ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਮਹਾਂਪੁਰਸ਼ਾਂ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਮੁੜ ਸੁਰਜੀਤ ਕਰਕੇ ਪੂਰੇ ਵਿਸ਼ਵ ਵਿਚ ਜਨ-ਜਨ ਤੱਕ ਪਹੁੰਚਾ ਕੇ 'ਸਤਿਸੰਗਤ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ' ਦੇ ਪਾਵਨ ਉਪਦੇਸ਼ ਨੂੰ ਸੱਚ ਕਰਕੇ ਦਿਖਾਇਆ ਹੈ। ਸਾਨੂੰ ਆਪਣੇ ਰਹਿਬਰਾਂ ਦੀ ਸੋਚ 'ਤੇ ਹਮੇਸ਼ਾ ਹੀ ਪਹਿਰਾ ਦੇ ਕੇ ਉਹਨਾਂ ਦੇ ਸੁਪਨਿਆਂ ਨੂੰ ਸਕਾਰ ਕਰਨਾ ਚਾਹੀਦਾ ਹੈ। ਉਪਰੰਤ ਸੰਤ ਫਕੀਰ ਦਾਸ ਜੀ ਤੰਦਵਾਲੀ ਪ੍ਰਧਾਨ ਅਖਿਲ ਭਾਰਤੀਆ ਸ੍ਰੀ ਗੁਰੂ ਰਵਿਦਾਸ ਸਾਧੂ ਸਮਾਜ ਹਰਿਆਣਾ ਨੇ ਆਪਣੇ ਵੱਡਮੁੱਲੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਅੰਮ੍ਰਿਤਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਕਰਨ ਲਈ ਪ੍ਰੇਰਿਤ ਕੀਤਾ। ਉਪਰੰਤ ਸੰਤ ਸੂਰਜ ਭਾਨ ਜੀ ਨਾਲਾਗੜ੍ਹ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਵੱਡਮੁੱਲਾ ਗਿਆਨ ਬਖਸ਼ਿਸ਼ ਕੀਤਾ। ਉਪਰੰਤ ਸੰਤ ਪੰਚਮ ਦਾਸ ਜੀ ਕਰਰਾਪੁਰ ਸਾਗਰ ਵਾਲਿਆਂ ਨੇ ਪ੍ਰਵਚਨ ਸਰਵਣ ਕਰਵਾਏ। ਸੰਤ ਗੋਦੜੀ ਦਾਸ ਜੀ ਬਿਹਾਰ ਵਾਲਿਆਂ ਨੇ 'ਆਜ ਦਿਵਸ ਲੇਊ ਬਲਿਹਾਰਾ' ਅੰਮ੍ਰਿਤਬਾਣੀ ਦਾ ਸ਼ਬਦ ਸਰਵਣ ਕਰਵਾਇਆ। ਇਸ ਮੌਕੇ 'ਤੇ ਸੰਤ ਦੀਪਕ ਪ੍ਰਕਾਸ਼ ਜੀ ਅਖਿਲ ਭਾਰਤੀਆ ਸ੍ਰੀ ਗੁਰੂ ਰਵਿਦਾਸ ਅਖਾੜਾ ਚਿੱਤਰ ਕੂੰਟ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਸੰਤ ਆਤਮਾ ਦਾਸ ਜੀ (ਐਮ.ਪੀ.), ਸੰਤ ਪੂਨਮ ਦਾਸ (ਇੰਦੌਰ), ਸੰਤ ਬਮਲ ਦਾਸ ਜੀ (ਛਤਰਪੁਰ), ਸੰਤ ਸਰਵਣ ਦਾਸ ਭੰਡਾਰੀ ਜੀ, ਸੰਤ ਕਾਲੂ ਦਾਸ ਜੀ (ਆਵਾ), ਸੰਤ ਬਾਨਕ ਦਾਸ ਜੀ (ਆਵਾ), ਸੰਤ ਜਾਗੇਸ਼ਵਰ ਦਾਸ ਜੀ, ਸੰਤ ਹਿੰਗਾ ਲਾਲ ਜੀ (ਦੇਵਪੁਰ), ਸੰਤ ਸਰਵਣ ਦਾਸ ਜੀ (ਆਵਾ), ਸੰਤ ਮੋਹਣ ਦਾਸ ਜੀ, ਸੰਤ ਪੀਨੂ ਦਾਸ ਜੀ, ਸੰਤ ਦਸਰਤ ਦਾਸ ਜੀ, ਸੰਤ ਹੀਰਾ ਨੰਦ ਜੀ (ਉਜੈਨ), ਸੰਤ ਮੰਗਲ ਦਾਸ ਜੀ (ਐਮ.ਪੀ.), ਸੰਤ ਕ੍ਰਿਸ਼ਨ ਦਾਸ ਜੀ, ਸੰਤ ਪ੍ਰਹਿਲਾਦ ਦਾਸ ਜੀ (ਐਮ.ਪੀ.), ਸੰਤ ਮਹੇਸ਼ ਦਾਸ ਜੀ, ਸੰਤ ਕਮੋਦੀ ਦਾਸ ਜੀ, ਸੰਤ ਮੁੰਨਾ ਦਾਸ ਜੀ, ਸੰਤ ਮਥੁਰਾ ਦਾਸ ਜੀ, ਸੰਤ ਅਰਜੁਨ ਦਾਸ ਜੀ, ਸੰਤ ਪ੍ਰਹਿਲਾਦ ਦਾਸ ਜੀ, ਸੰਤ ਕਿਸ਼ੋਰੀ ਰਾਮ ਜੀ, ਸੰਤ ਲਲੂ ਦਾਸ ਜੀ, ਸੰਤ ਕਾਸ਼ੀ ਰਾਮ ਜੀ, ਸੰਤ ਹਰੀ ਪ੍ਰਕਾਸ਼ ਜੀ, ਸੰਤ ਭਗਵਾਨ ਦਾਸ ਜੀ, ਸੰਤ ਘਨਈਆ ਦਾਸ ਜੀ, ਸੰਤ ਤੁਲਸੀ ਦਾਸ ਜੀ, ਸੰਤ ਚੇਤ ਰਾਮ ਜੀ, ਬਾਪੂ ਪ੍ਰਕਾਸ਼ ਜੀ ਮਹਾਰਾਜ ਤੇ ਸੰਤ ਤਨਸੀਆ ਜੀ ਅਤੇ ਹੋਰ ਸੰਤ ਮਹਾਂਪੁਰਸ਼ਾਂ ਨੇ ਸਮਾਗਮ ਵਿਚ ਹਾਜ਼ਰੀ ਭਰੀ। ਇਸ ਤੋਂ ਇਲਾਵਾ ਅਖਿਲ ਭਾਰਤੀਆ ਸੰਗਠਨ ਦੇ ਮੈਂਬਰ ਬਿਹਾਰ, ਗੁਜਰਾਤ, ਮਹਾਂਰਾਸ਼ਟਰ, ਕਰਨਾਟਕਾ, ਉੱਤਰ ਪ੍ਰਦੇਸ਼ ਤੋਂ ਵਿਸ਼ੇਸ਼ ਤੌਰ ਤੇ ਇਸ ਸਮਾਗਮ ਵਿਚ ਪਹੁੰਚੇ। ਇਸ ਸਮਾਗਮ ਵਿਚ ਸ੍ਰੀ ਸੁਖਦੇਵ ਬਾਘਮਾਰੇ ਜੀ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ, ਜਿਨ੍ਹਾਂ ਨੇ ਪੂਰੇ ਦੱਖਣ ਭਾਰਤ ਵਿਚ ਰਵਿਦਾਸੀਆ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਵੱਡੀ ਪੱਧਰ ਤੇ ਕੀਤਾ। ਸ੍ਰੀ ਹਰੀ ਰਾਮ ਚੌਧਰੀ ਜੀ ਚੇਅਰਮੈਨ ਅਖਿਲ ਭਾਰਤੀਆ ਰਵਿਦਾਸੀਆ ਸੰਗਠਨ (ਮੱਧ ਪ੍ਰਦੇਸ਼) ਵੀ ਸਮਾਗਮ ਵਿਚ ਪਹੁੰਚੇ। ਇਸ ਸਮਾਗਮ ਵਿਚ ਆਏ ਸੰਤ-ਮਹਾਂਪੁਰਸ਼ਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮਾਗਮ ਵਿਚ ਦੇਸ਼-ਪ੍ਰਦੇਸ਼ਾਂ ਤੋਂ ਆਈਆਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਜੱਸ ਸਰਵਣ ਕਰਕੇ ਆਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਵਲੋਂ ਆਏ ਸੰਤ-ਮਹਾਂਪੁਰਸ਼ਾਂ ਦਾ ਅਤੇ ਲੱਖਾਂ ਦੀ ਗਿਣਤੀ ਵਿਚ ਆਈਆਂ ਸੰਗਤਾਂ ਦਾ ਤਹਿ. ਦਿਲੋਂ ਧੰਨਵਾਦ ਕੀਤਾ ਗਿਆ। ਉਪਰੰਤ ਗੁਰੂ ਕਾ ਲੰਗਰ ਛਕਾਇਆ ਗਿਆ।









ਨੋਟ—ਇਹ ਉਹ ਪਵਿੱਤਰ ਸਥਾਨ ਹੈ ਜਿਥੇ ਅੱਜ ਸ੍ਰੀ ਗੁਰੂ ਰਵਿਦਾਸ ਕੁੰਡ ਸੁਸ਼ੋਭਿਤ ਹੈ। ਇਸ ਸਥਾਨ ਤੇ ਸਤਿਗੁਰ ਰਵਿਦਾਸ ਮਹਾਰਾਜ ਜੀ ਨੇ ਭੰਡਾਰਾ ਕੀਤਾ ਤਾਂ ਇਥੇ ਗੰਗਾ ਜੀ ਸੇਵਾ ਕਰਨ ਲਈ ਪ੍ਰਗਟ ਹੋਏ। ਰਾਜਾ ਵਿਜੈ ਪਾਲ ਜੀ ਨੂੰ ਪਤਾ ਲੱਗਿਆ ਕਿ ਸਤਿਗੁਰ ਰਵਿਦਾਸ ਮਹਾਰਾਜ ਪਾਸ ਸੁੰਦਰ ਕੰਨਿਆ ਹੈ, ਤੇ ਰਾਜੇ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਕੋਲ ਵਿਆਹ ਦਾ ਪ੍ਰਸਤਾਵ ਰੱਖਿਆ। ਸਤਿਗੁਰ ਜੀ ਦੇ ਕਹਿਣ ਤੇ ਵੀ ਰਾਜਾ ਨਾ ਸਮਝਿਆ, ਜਦੋਂ ਬਰਾਤ ਲੈ ਕੇ ਆਇਆ ਤਾਂ ਗੰਗਾ ਜੀ ਪ੍ਰਗਟ ਹੋਏ ਤੇ ਬਰਾਤ ਨੂੰ ਬਹਾ ਕੇ ਲੈ ਗਏ। ਅੱਜ ਵੀ ਉਸ ਅਸਥਾਨ ਤੇ ਗੰਗਾ ਜੀ ਦੀ ਧਾਰਾ ਵਗਦੀ ਹੈ।

ਇਸ ਸਮਾਗਮ ਦੌਰਾਨ ਮਿਤੀ 13-10-2011 ਦਿਨ ਵੀਰਵਾਰ ਨੂੰ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ, ਸੰਤ ਸੁਰਿੰਦਰ ਦਾਸ ਬਾਵਾ ਜੀ ਅਤੇ ਡੇਰੇ ਦੇ ਸੇਵਾਦਾਰ ਸ੍ਰੀ ਗੁਰੂ ਰਵਿਦਾਸ ਮੰਦਰ ਇੰਦੌਰ ਵਿਖੇ ਦਰਸ਼ਨਾਂ ਲਈ ਪਹੁੰਚੇ।

ਮਿਤੀ 15-10-2011 ਦਿਨ ਸ਼ਨੀਵਾਰ ਨੂੰ ਡਾ. ਭੀਮ ਰਾਓ ਅੰਬੇਡਕਰ ਜੀ ਦੀ ਜਨਮ ਭੂਮੀ ਦੇ ਦਰਸ਼ਨ ਕਰਨ ਲਈ ਗਏ।

## Amrit Bani Jagatguru Ravidass Ji

## MALAAR BANI

**Milat piaaro pran naath(u) kawan bhagt(i) te.**
**Sadhsangat(i) paaee param gate. (Rahaao).**
**Maile kapre kahaa lou dhovou.**
**Aawaigee need kahaa lag(u) sovou.**
**Joee joee jorieo soee soee phaatio.**
**Jhoote banij uth(i) hee giee haateo.**
**Kah(u) Ravidass bhaeo jab lekho.**
**Joee joee keeno soee soee dekho(i).**

In this hymn Satguru Ravidass Ji Maharaj poses a question as to what sort of devotional worship will lead us to meet God. He himself replied briefly –Saadh sangat- the Company of the Holy. He says that he has obtained the supreme status through the saadh sangat. How long shall we wash dirty clothes! How long shall we remain asleep! To whatever belongings we were attached, have perished. Shop of our illusiory merchandise has closed down. When the account is called for, we will see whatever we have done.

*Milat piaaro pran naath(u) kawan bhagt(i) te.*
*Sadhsangat(i) paaee param gate. (Rahaao).*

By which devotion may I meet my Lord ! O ! Master of souls. The close association with saints is pre- requisite for attainment of the Supreme.

*Maile kapre kahaa lou dhovou.*
*Aawaigee need kahaa lag(u) sovou*.

I have dirty attires how long shall I wash It ? and how long shall I be in ignorant sleep which has come to me.

*Joee joee jorieo soee soee phaatio.*
*Jhoote banij uth(i) hee giee haateo.*

All that spiritual enlightenment I gathered has been discarded by me. The shop of spurious illusion which I run has now been closed.

*Kah(u) Ravidass bhaeo jab lekho.*
*Joee joee keeno soee soee dekho(i).*

Guru Ji says that when the account is settled, whatever had actually been done would be found recorded.

## Amrit Bani Jagatguru Ravidass Ji

## SLOK

**Har(i) so heera chhadh(i) kai Karih aan kee aas.**
**Te nar dojak jaahige Sat bhaakhai Ravidass.**

Satguru Ravidass Ji Maharaj speaks the supreme truth in this couplet. This is the gist of his teachings. Those people who forsake the Diamond Name of the Lord and hope in another, will go to hell. In these line he exhorts us not to entangle ourselves in the material belongings and worship God with true devotion.

*Har(i) so heera chhadh(i) kai Karih aan kee aas.*
*Te nar dojak jaahige Sat bhaakhai Ravidass.*

Never hope for the dignity, having discarded the refuge of God ! (the Diamond) Such are destined to go to hell - truly predicted Guru Ravidass Ji.

**-Chain Ram Suman Dera Sachkhand Ballan**

# Studio

There is 80'X30' air-conditioned studio in the basement underneath the stage. It was the brain child of Amar Shaheed Brahmleen Sant Rama Nand Ji. In addition to other qualities of his head and heart, he was renowned musician. He labored hard for setting up studio in the Dera. Usually he recorded the programme at the calm and serene atmosphere at night. Fitting of AC, artificial ceiling, decorative tiles, stage infrastructure, furniture – all were of his choice. Permanent staff was recruited for carrying on the production. All this resulted in expeditious output of CDs, VCDs, documentary films, TV programme to be telecast weekly on Doordarshan. The cumulative effect of all these activities resulted in fast spread of Guru Ravidass Mission. All this process started by Amar Shaheed Sant Rama Nand Ji is now being overseen by Sant Surinder Dass Bawa Ji.

**Begumpura Shehar Weekly**

Maharaj Garib Dass Ji was a visionary saint. He also understood the importance of having such a newspaper, as would serve the cause of the community and propagate the teachings and philosophy of Guru Ravidass Ji. With this motive in view he decided to start a religious weekly named 'Begumpura'. In the presence of many saints from Punjab, Sant Garib Dass Ji laid the foundation stone of a building on 23-1-1991 for housing a printing press for giving a voice to the poor people. On 23rd July, 1991 Begumpura paper was inaugurated at Mohalla Sunder Nagar, Jalandhar. Its first publication was published on 15th August; 1991.The weekly is serving our people till date with a new name 'Begumpura Shehar'. The circulation of this paper has increased manifold. It has been successful in conveying to the readers the teachings and message of Satguru Ravidass Maharaj Ji the world over. In addition, it has been on the forefront in raising the issues of the oppressed and downtrodden communities regarding human rights, equality, liberty, fraternity, co-existence, education, cruelty consciousness, awakening, identity, dignity, brotherhood, adventure. Above all it has been able to educate its readers in imbibing human values.

**-Chain Ram Suman Dera Sachkhand Ballan**

गुरु रविदास महाराज जी की जय। जय गुरुदेव-धन्न गुरुदेव। भगवान वाल्मीकि महाराज जी की जय॥





# जन-गणना में 'रविदासिया धर्म' लिखवाने की अपील

सत्कारयोग्य गुरु प्यारी साध संगत जी,

दुनिया के अलग-अलग धर्मों के लोग अपने-अपने धर्म के प्रचार के लिए हमेशा तत्पर रहते हैं और अपने धर्म का प्रचार करते हैं, पर समाजिक व्यवस्था ही इस तरह की बनी हुई है कि जगतगुरु रविदास जी को मानने वाले समाज ने हमेशा धर्म का काम आगे बढ़ कर किया, पर इस समाज को अधर्मी (जिनका कोई धर्म नहीं होता) ही माना गया व इनके दु:खों को किसी ने नहीं समझा। इस समाज की अनपढ़ता, अज्ञानता एवं दु:खों को ख़त्म करने के लिए एवं श्री गुरु रविदास जी के मिशन को पूरा करने का धुरा माने जाते डेरा 108 संत सरवण दास जी बल्लां के महांपुरुषों ने समय-समय पर समाज को जागरुक करने के लिए अपना बहुमुल्य योगदान डाला व गुरु जी के जन्म स्थान पर सात मंजिला मंदिर का निर्माण करके समाज का मस्तक ऊंचा किया तथा अनेकों स्थानों पर गुरु जी के नाम पर मंदिरों का निर्माण करके समाज को जागृत किया। गुरु जी के जन्म स्थान मंदिर को स्वर्ण जड़ित करने का संकल्प लिया। इस संकल्प से रविदास समाज विरोधी लोग, जो यह नहीं चाहते कि इस समाज को इनके महांपुरुषों का वास्तविक इतिहास मालूम हो, उन लोगों से यह सहन नहीं हुआ कि अधर्मी कहे जाने वाले यह लोग अपने पूर्वजों के धर्म को आगे लेकर जाएं। उन लोगों ने सतगुरु रविदास महाराज जी का प्रचार-प्रसार रोकने के लिए डेरा सचखंड बल्लां के महांपरुषों पर हमला करके संत निरंजन दास जी को घायल किया व संत रामानंद जी को शहीद कर दिया। आप सभी संगतों को पता ही है कि इन महांपुरुषों पर हुए हमले ने साबत कर दिया कि कोई भी समाज दूसरों की खातिर जितना भी खून बहा ले वह अपने धर्म के बिना हीन ही होता है। पर बलिहारी जाते हैं जगत् गुरु रविदास महाराज जी के सच्चे सपूतों पर, जिन्होंने सतगुरु रविदास महाराज जी के 633वें प्रकाश दिवस पर भारत के कोने-कोने से पहुंचे संत समाज एवं विश्व के कोने-कोने से पहुंचे गुरु रविदास महाराज जी के पैरोकारों की हाजरी में, कौम के मत्थे पर अधर्मी होने का कलंक उतार कर एक रविदासिया धर्म का नाम समाज को बख्शिश किया। इस धर्म रुपी ताज को हमेशा-हमेशा के लिये कौम के सिर पर सजा रखने के लिए गुरु जी को मानने वाले समाज का दायित्व बनता है कि वो भी अपने पूर्वजों के नाम को ऊंचा रखने के लिए अपना योगदान रविदासिया धर्म को प्रफुल्लित करने के लिए अवश्य दें व सन् 2011 मे हो रही जन-गणना में अपना धर्म रविदासिया लिखवा कर सतगुरु रविदास महाराज जी के वचन कि, प्राधीनता पाप है, जान लियो रे मीत...., पर अमल करके धार्मिक आजादी की बात को स्वीकार करें जी। ताकि रविदासिया धर्म विरोधी हमारी गिनती अपने में करवा कर किसी प्रकार का अनुचित लाभ न उठा लें और दुनिया को हमारी संख्या से अनभिज्ञ रहने देने में सफल न हों। रविदासिया धर्म का प्रचार व प्रसार पूरे विश्व में विशाल स्तर पर हो रहा है तथा अमृतवाणी सतगुरु रविदास महाराज जी का हज़ारों की संख्या में गुरु-घरों में प्रकाश हो चुका है।

## रविदासियो कहीं भूल न जाना, जन-गणना में रविदासिया धर्म लिखवाना, अगला मौका बारह साल बाद ही आना।

**जारीकर्ता:**

◦ श्री गुरु रविदास जन्म स्थान पब्लिक चैरीटेबल ट्रस्ट, वाराणसी यू.पी.।
◦ अखिल भारतीय रविदासिया धर्म संगठन (रजि.),भारत।
◦ सद्गुरु रविदास साधु संप्रदाय सोसायटी, हरियाणा।
◦ हिमाचल प्रदेश श्री गुरु रविदास महासभा।
◦ अखिल भारतीय सद्गुरु रविदास महासभा महाराष्ट्र।
◦ दलित यूथ फैडरेशन आफ इंडिया। ◦ श्री गुरु रविदास साहित संस्था पंजाब।
◦ श्री गुरु रविदास धर्म युद्ध मोर्चा पंजाब। श्री गुरु रविदास टाईगर फोर्स पंजाब। श्री गुरु रविदास फोर्स पंजाब।
◦श्री गुरु रविदास इंटरनैशनल आर्गेनाईजेशन फॉर ह्यूमन राईटस (रजि.) यू.के. ◦ श्री गुरु रविदास सुप्रीम कौंसिल (इटली)।
◦ श्री गुरु रविदास सुप्रीम कौंसिल (यू.के.)
◦ श्री गुरु रविदास जी सभा (रजि.) ग्रीस।
◦ संत सरवण दास वैल्फेयर सोसायटी युरोप।
◦ संत सरवण दास चैरिटेबल ट्रस्ट, (यू॰के॰)।
◦ संत सरवण दास चैरिटेबल ट्रस्ट, कैनेडा।
◦ संत सरवण दास चैरिटेबल ट्रस्ट, अमेरिका।
◦ अदारा बहुजन क्रांति मासिक पत्रिका।
◦ श्री गुरु रविदास वैल्फेयर सोसायटी इटली।

◦ श्री गुरु रविदास वैल्फेयर सोसाइटी, कुवैत। ◦ श्री गुरु रविदास सभा, यू॰ए॰ई॰। ◦ श्री गुरु रविदास सभा, हालैण्ड। ◦ श्री गुरु रविदास सभा, वियाना अस्ट्रिया। ◦ श्री गुरु रविदास भवन सोसायटी, स्पेन। ◦ श्री गुरु रविदास सभा, पुर्तगाल। ◦ रविदासिया कमिऊनिटी वैल्फेयर एसोसीएशन पैरिस, फ्रांस। ◦ श्री गुरु रविदास सभा, उनटारीयो (टरांटो)। ◦ श्री गुरु रविदास सभा, जरमनी। ◦ अखिल भारतीय रविदासिया धर्म संगठन, शाखा सागर (म.प्र.)। ◦ गुरु संत शिरोमणि श्री रविदास समिति छिंदवाड़ा (म. प्र.)। ◦ संत रविदास समाज उत्थान समिति सिवनी (म.प्र.)। ◦ गुरु रविदास समाज संगठन, रीवा (म. प्र.), अहिरवार समाज महापरिषद, जबलपुर (म.प्र.), ◦ संत रविदास समाज कल्याण परिषद, बालाघाट (म.प्र.), ◦ अहिरवार सांस्कृतिक कल्याण समिति,इंदौर (म.प्र.), ◦ जागड़ा महासभा, होशंगावाद (म.प्र.) जागड़ा, ◦ सुधार समिति मिस रोड भोपाल (म.प्र.), ◦ अहिरवार समाज सेवा समिति, इटारसी (म.प्र.) जागड़ा, ◦ महासभा शाहपुर बैतूल (म.प्र.), ◦ रविदास गुजराती एकता समिति, देवास (म.प्र.), ◦ अहिरवार समाज परिषद, हरदा (म.प्र.), ◦ रविदास सेवा संस्थान बरखेड़ा बी.एच.एन. भोपाल जिला रविदास सुधार कमेटी, छतरपुर (म.प्र.), ◦ गुरु रविदास मंदिर कमेटी, बांदकपुर जिला दमोह (म.प्र.), ◦ गुरु रविदास मंदिर कमेटी, हिंडोरिया जिला दमोह (म.प्र.), ◦ गुरु रविदास मंदिर समिति, नरसिंहपुर (म.प्र.), ◦ गुरु रविदास मंदिर समिति, खुरई, जिला सागर (म.प्र.), ◦ अहिरवार समाज महापरिषद् जिला शाखा डिंडौरी (म.प्र.)।

# बेगमपुरा का अद्वितीय सिद्धांत

गुरु रविदास जी मध्ययुग में विकसित, भक्ति आंदोलन के सर्वश्रेष्ठ गुरु ही नहीं थे, अपितु उस अंधे युग में आम आदमी तथा पद-दलित लोगों में सामाजिक चेतना, स्वतंत्रता, समता एवं स्वाभिमान की अद्वितीय ज्योति प्रज्वलित करने वाले सामाजिक एवं धार्मिक क्रांति के अग्रदूत भी थे, क्योंकि उन्होंने प्रजातन्त्र, मानवीय समानता, श्रेणी विहीन तथा दर्जा रहित समाजवाद का विलक्षण सिद्धांत संसार को प्रदान किया था। यह अमृतवाणी के पन्ना 2 पर दर्ज शब्द ''बेगमपुर शहर को नाउ दूखु अंदेहु नहीं तिहि ठाउ।'' में अंकित है।

गुरु रविदास जी ने समाजवाद की यह अनुपम विचारधारा, संसार में समाजवाद के प्रचारक कहे जाने वाले कार्ल-मार्क्स से लगभग 400 वर्ष पूर्व दुनिया को प्रदान कर दी थी। परन्तु समाजोपयोगी तथा मानव हितकारी गुरु रविदास जी की यह अनूठी विचारधारा संसार मे बीसवीं सदी में अंगीकार की गई थी वह भी कार्ल मार्क्स के समझने पर। इस सिद्धांत को विश्व के रूबरू प्रस्तुत भी उसी ने ही किया था। ज्यूँ-ज्यूँ संसार की दूसरी भाषाओं में गुरु रविदास जी के इस मानववादी सिद्धांत का प्रचार एवं प्रसार होगा त्यूँ-त्यूँ विद्वानों को पता चलता जाएगा कि यह आलौकिक सिद्धांत तो गुरु रविदास जी ने कार्ल मार्क्स से 400 वर्ष पहले प्रदान कर दिया था।

जहां पर एक ओर यह शब्द आध्यात्मिक ज्ञान प्राप्ति के लिए उत्सुक जिज्ञासु को आध्यात्मिकता की श्रेष्ठतम उपलब्धि प्रदान करता है वहीं जब इस शब्द को डीकोड करके इस वाणी के अन्त: में लुप्त संकेताक्षरों की भावना को ध्यान से पढ़ते हैं तब हमें यह शब्द सामाजिक, धार्मिक क्रांति का संदेश देता है। गुरु रविदास जी के शब्द 'बेगमपुरा' में इस मानववादी सिद्धांत के अनुसार मानव को स्वतंत्रता एवं बराबरी प्रदान करने की व्याख्या भी अंकित है। प्रत्येक अक्षर के पीछे एक लम्बी व्याख्या छिपी हुई है। श्री गुरु रविदास जी का आध्यात्मिक क्षेत्र का बेगमपुरा, सामाजिक क्षेत्र में मानवीय एकता एवं बराबरी की भावना को अर्पित करने में पूर्णरूप से सक्षम है।

गुरु रविदास जी के वर्ण प्रथा विरोधी विचारों के अनुरूप, बेगमपुरा में ऊँच-नीच, अमीर-गरीब, ब्राह्मण-शूद्र की भावना का कहीं नामो-निशान नहीं है। वहां सभी एक दूसरों से प्रेम करते हैं और भाई-भाई बन कर रहते हैं। संसार भर में ऐसा राज्य या शहर जिस में किसी शहरी को न कोई गम है, न दुख है, न चिंता है। वहां न कोई श्रेष्ट या बड़ा है और न ही कोई छोटा है। वहां प्रत्येक व्यक्ति को संपूर्ण स्वतंत्रता है। किसी पर भी किसी प्रकार की पाबंदी या रोक नहीं है। वहां पर न ही किसी को कोई टैक्स ( धार्मिक या प्रशासनिक ) भरना पड़ता है और न ही किसी प्रकार के लगान की अदायगी करनी पड़ती है। उस शहर के निवासी पर किसी प्रकार की कोई पाबंदी नहीं है वहा जहां चाहे स्वतंत्रता से भ्रमण कर सकता है। इस सम्बन्ध में राज्य या प्रशासन की कोई रोक-टोक नहीं है। इस पद में सच्चखण्ड की व्याख्या के साथ-साथ भूखंड का वर्णन भी है। इस शब्द में श्री गुरु रविदास जी अपने जीवन सिद्धांत के अनुसार, उस कल्पित शहर तथा आदर्श राज्य प्रबंध का संक्षिप्त कथन भी करते है जिस की स्थापना वे धरती पर करना चाहते थे। दुख, संशय, संदेह, चिन्ता, कर, महसूल, मालिया, भय, गलती-खता, डर से मुक्त राज्य जो पुस्तकों में दर्ज आदर्श राज्य से भी कई गुणा सुंदर एवं श्रेष्ठतम राज्य हो। उस राज्य में सभी प्रणियों का एक ही धर्म हो और वह धर्म हो मानवता। किसी अन्य धर्म की श्रेष्ठता नहीं हो। ऐसे राज्य की स्थापना करना चाहते थे, श्री गुरु रविदास जी। भारतीय संविधान में सामाजिक समता और प्रजातांत्रिक समाजवाद की धाराओं को गुरु रविदास जी के मनोहर सिद्धांत से ही लिया गया है। गुरु रविदास जी का सम्पूर्ण शब्द इस प्रकार है :-

बेगमपुरा सहर को नाउ॥ दूखु अंदोहु नही तिहि ठाउ॥
ना तसवीस खिराजु न मालु॥ खउफु न खता न तरसु जवालु॥
अब मोहि खूब वतन गह पाई॥ ऊहां खैरि सदा मेरे भाई॥ रहाउ॥
काइमु दाइमु सदा पातिसाही॥ दोम न सेम एक सो आही॥
आबादानु सदा मसहूर॥ ऊहां गनी बसहि मामूर॥
तिउ तिउ सैल करहि जिउ भावै॥ महरम महल न को अटकावै॥
कहि रविदास खलास चमारा॥ जो हम सहरी सु मीतु हमारा॥

( अमृतवाणी पन्ना 2 )

लेखक : सिरी राम अर्श




ਪੁਸਤਕ ਰੀਵਿਊ

## ਰਵਿਦਾਸੀਆ ਧਰਮ ਦਾ ਮਕਸਦ

ਜਗਤਗੁਰੂ ਸਤਿਗੁਰ ਰਵਿਦਾਸ
ਮਹਾਰਾਜ ਜੀ ਦੀ ਕ੍ਰਿਪਾ ਸਦਕਾ।
ਬ੍ਰਹਮਲੀਨ ਸਤਿਗੁਰ ਬਾਬਾ ਪਿੱਪਲ
ਦਾਸ ਜੀ ਮਹਾਰਾਜ ਨੂੰ ਸਮਰਪਿਤ
ਆਸ਼ੀਰਵਾਦ
ਸ੍ਰੀ 108 ਸੰਤ ਨਿਰੰਜਣ ਦਾਸ ਜੀ
ਪ੍ਰੇਰਣਾ ਸ੍ਰੋਤ-
ਸੰਤ ਸੁਰਿੰਦਰ ਦਾਸ ਬਾਵਾ ਜੀ
ਪ੍ਰਕਾਸ਼ਕ
ਸ੍ਰੀ ਗੁਰੂ ਰਵਿਦਾਸ ਸਾਹਿਤ ਸੰਸਥਾ
(ਰਜਿ.) ਪੰਜਾਬ
ਲੇਖਕ-ਸ੍ਰੀ ਅਰੁਨ ਕੁਮਾਰ ਮਾਹੀ
*ਪੇਜ-54, ਕੀਮਤ-20 ਰੁਪਏ*

ਰਵਿਦਾਸੀਆ ਧਰਮ ਦਾ ਮਕਸਦ ਪੁਸਤਕ ਵਿਚ ਸ੍ਰੀ ਅਰੁਨ ਕੁਮਾਰ ਮਾਹੀ ਜੀ ਨੇ ਜਗਤਗੁਰੂ ਸਤਿਗੁਰ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਵਿਚ ਸਤਿਗੁਰ ਬਾਬਾ ਪਿੱਪਲ ਦਾਸ ਜੀ ਮਹਾਰਾਜ ਦੀ ਮਹਿਮਾ ਵਿਚ, ਸਤਿਗੁਰ ਸਰਵਣ ਦਾਸ ਮਹਾਰਾਜ ਜੀ ਦੀ ਮਹਿਮਾ ਵਿਚ ਮਹਾਨ ਸੰਤ-ਮਹਾਂਪੁਰਸ਼ਾਂ ਦੀ ਮਹਿਮਾ ਵਿਚ ਸੁੰਦਰ ਰਚਨਾਵਾਂ ਲਿਖੀਆਂ ਹਨ। ਜਿਥੇ ਉਹਨਾਂ ਸਤਿਗੁਰਾਂ ਦੀ ਮਹਿਮਾ ਬਿਆਨ ਕੀਤੀ ਉਥੇ ਉਹਨਾਂ ਨੇ ਰਵਿਦਾਸੀਆ ਧਰਮ ਦੇ ਬਾਰੇ ਤੇ ਕੌਮੀ ਹਰਿ ਦੇ ਨਿਸ਼ਾਨ ਸਾਹਿਬ ਉਤੇ ਰਚਨਾਵਾਂ ਰਾਹੀਂ ਵਿਸੇਸ਼ ਚਾਨਣਾ ਪਾਇਆ ਹੈ। ਉਹਨਾਂ ਨੇ ਆਪਣੀ ਕਲਮ ਦੁਆਰਾ ਰਵਿਦਾਸੀਆ ਧਰਮ ਦੇ ਮਕਸਦ ਨੂੰ ਮੰਜ਼ਲ ਏ ਮਕਸੂਦ ਤੱਕ ਪਹੁੰਚਾਉਣ ਦਾ ਸੁਨੇਹਾ ਦਿੱਤਾ ਹੈ। ਸ੍ਰੀ ਅਰੁਨ ਕੁਮਾਰ ਮਾਹੀ ਜੀ ਨੇ ਆਪਣੀ ਇਸ ਪੁਸਤਕ ਰਾਹੀਂ ਜਗਤਗੁਰੂ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਹੋਕਾ ਦਿੱਤਾ ਹੈ ਤੇ ਰਵਿਦਾਸੀਆ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਅੱਗੇ ਹੋਰ, ਵਧਾਉਣ ਦਾ ਸੰਦੇਸ਼ ਦਿੱਤਾ ਹੈ। ਪਾਠਕ ਇਸ ਪੁਸਤਕ ਨੂੰ ਪੜ੍ਹਕੇ ਭਰਪੂਰ ਲਾਭ ਪ੍ਰਾਪਤ ਉਠਾਉਣਗੇ। ਮੈਂ ਇਸ ਪੁਸਤਕ ਲਿਖਣ ਲਈ ਤਹਿ. ਦਿਲੋਂ ਲੇਖਕ ਦਾ ਧੰਨਵਾਦ ਕਰਦਾ ਹਾਂ। —ਕਲਵੰਤ ਕਜਲਾ

## ਬੰਦਿਆ ਨੇਕੀ ਕਰ

—ਬੀ.ਐਸ. ਸੁੰਮਨ

ਐ ਦੁਨੀਆਂ ਦੇ ਲੋਕੋ ਤੁਸੀਂ ਇਕ ਦੂਜੇ ਨੂੰ ਪਿਆਰ ਕਰੋ।
ਹਰ ਵਸ਼ਰ 'ਚ ਰੱਬ ਹੁੰਦਾ ਏ, ਜ਼ਰਾ ਡੂੰਘੀ ਸੋਚ ਵਿਚਾਰ ਕਰੋ।
ਛੱਡ ਹਉਮੈ ਦੀ ਮਰਜ ਨੂੰ ਇਹ ਤਾਂ ਬੜੀ ਪੁਰਾਣੀ ਏ।
ਨਾਲੇ ਅਕਲ ਦੇ ਬੋਲ ਬਾਣੀ, ਪੜ੍ਹਿਆਂ ਦੀ ਇਹੀ ਨਿਸ਼ਾਨੀ ਏ।
ਜੋ ਸਭ ਨੂੰ ਚੰਗਾ ਲੱਗੇ, ਤੁਸੀਂ ਐਸਾ ਵਿਵਹਾਰ ਕਰੋ।
ਏਥੇ ਆਲਮ ਫਾਜ਼ਲ ਕਈ ਬੰਦੇ, ਤੇ ਲੇਖਕ ਕਵੀ ਵੀ ਹੁੰਦੇ ਨੇ।
ਕਈ ਸੰਤ-ਫੱਕਰ ਵੀ ਧਰਤੀ 'ਤੇ ਕਈ ਦੇਵਤੇ ਨਬੀ ਵੀ ਹੁੰਦੇ ਨੇ।
ਚੰਗਿਆਂ ਨੂੰ ਪੂਜੇ ਇਹ ਦੁਨੀਆਂ ਤੁਸੀਂ ਜਿਉਂਦੇ ਦਾ ਸਤਿਕਾਰ ਕਰੋ।
ਇਹ ਧਰਤੀ ਮਾਤਾ-ਪਾਣੀ ਪਿਤਾ ਤੇ ਰੱਬ ਹੀ ਸਾਡਾ ਦਾਤਾ ਹੈ।
ਅਸੀਂ ਰਿਣੀ ਆਂ ਉਹ ਮਹਾਂ ਪੁਰਸ਼ਾਂ ਦੇ ਜਿਹਨਾਂ ਨਾਲ ਤਾਂ ਸਾਡਾ ਨਾਤਾ ਹੈ।
ਸਾਰੇ ਜਗ ਨੂੰ ਰੱਬ ਦੇਂਦਾ ਹੈ, ਤੁਸੀਂ ਰੱਬ ਦਾ ਸ਼ੁਕਰ ਗੁਜ਼ਾਰ ਕਰੋ।
ਇਹ ਸੋਹਣੇ ਸੰਸਾਰ ਤੋਂ ਅਸੀਂ ਸਭ ਨੇ ਜਾਣਾ ਹੈ।
ਸੁੰਮਨ ਕਹਿੰਦਾ ਲਾਹਾ ਖੱਟ ਲੈ ਨਹੀਂ ਤਾਂ ਫਿਰ ਪਛਤਾਣਾ ਹੈ।
ਇਹ ਜਨਮ ਅਮੋਲਕ ਹੀਰਾ ਹੈ, ਨਾ ਕੌਡੀਆਂ ਮੁੱਲ ਖੁਆਰ ਕਰੋ।

## ਬੇਗਮਪੁਰਾ ਸ਼ਹਿਰ ਪਰਚੇ ਦੀ ਡਾਕ/ਸਾਲਾਨਾ ਚੰਦਾ ਅਤੇ ਸਹਿਯੋਗ ਭੇਜਣ ਸੰਬੰਧੀ ਜਾਣਕਾਰੀ

ਬੇਗਮਪੁਰਾ ਸ਼ਹਿਰ ਦੇ ਲੇਖਕਾਂ/ਪਾਠਕਾਂ ਅਤੇ ਸਹਿਯੋਗੀਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਪਰਚੇ ਵਿਚ ਛਪਣ ਵਾਲੀ ਸਮੱਗਰੀ/ ਸੁਝਾਓ/ਸਾਲਾਨਾ ਚੰਦਾ ਅਤੇ ਸਹਿਯੋਗ ਪਰਚਾ ਨੰਬਰ ਨਾਲ ਹੇਠ ਲਿਖੇ ਪਤੇ 'ਤੇ ਭੇਜ ਕੇ ਪਰਚੇ ਨੂੰ ਬੁਲੰਦੀਆਂ 'ਤੇ ਲਿਜਾਣ ਦੀ ਕਾਮਨਾ ਕਰਨ ਦੀ ਕਿਰਪਾਲਤਾ ਕਰੋ ਜੀ ਧੰਨਵਾਦ।

### ਚੰਦੇ ਦਾ ਵੇਰਵਾ

| | *ਦੇਸ਼ ਵਿਚ* | *ਵਿਦੇਸ਼ ਵਿਚ* |
|---|---|---|
| ਸਾਲਾਨਾ | 200/- ਰੁਪਏ | 35 ਪੌਂਡ |
| ਲਾਇਫ਼ ਮੈਂਬਰ | 5,000/ ਰੁਪਏ | 500 ਪੌਂਡ |

—ਸੰਤ ਸੁਰਿੰਦਰ ਦਾਸ ਬਾਵਾ
ਡੇਰਾ ਸ੍ਰੀ 108 ਸੰਤ ਸਰਵਣ ਦਾਸ ਜੀ
ਸੱਚਖੰਡ ਬੱਲਾਂ ਪਿੰਡ ਤੇ ਡਾ. ਬੱਲਾਂ,
ਜ਼ਿਲਾ ਜਲੰਧਰ

Sant Surinder Dass Bawa
Dera Shri 108 Sant Sarwan Dass Ji
Sachkhand Ballan,
V.P.O. Ballan, Distt Jal. (Pb.)

# ਜੋਗਿੰਦਰ ਪਾਲ ਆਈ.ਆਰ.ਐਸ. (ਰਿਟਾ.)

ਸ਼੍ਰੀ ਜੋਗਿੰਦਰ ਪਾਲ ਆਈ.ਆਰ.ਐਸ. (ਰਿਟਾ.) ਨੇ ਜਗਤਗੁਰੂ ਰਵਿਦਾਸ ਜੀ ਮਹਾਰਾਜ ਦੇ ਪਰਪਉਕਾਰਾਂ ਸਦਕਾ ਵਿਸ਼ਵ-ਭਰ ਵਿਚ ਨਾਮਣਾ ਖੱਟਿਆ। ਜਿਨ੍ਹਾਂ ਮਿਹਨਤ, ਵਿੱਦਿਆ ਤੇ ਲਗਨ ਦੇ ਦਮ 'ਤੇ ਬੇਮਿਸਾਲ ਪ੍ਰਸਿੱਧੀਆਂ ਪਾਈਆਂ। ਆਪ ਜੀ ਦਾ ਜਨਮ ਛੋਟੇ ਜਿਹੇ ਗਿੱਦੜ ਪਿੰਡੀ ਨਾਮ ਦੇ ਪਿੰਡ ਜ਼ਿਲਾ ਹੁਸ਼ਿਆਰਪੁਰ ਵਿਚ ਹੋਇਆ। ਪਿਤਾ ਸ਼੍ਰੀ ਠਾਕੁਰ ਦਾਸ ਜੀ ਦੇ ਘਰ ਮਾਤਾ ਸ਼੍ਰੀਮਤੀ ਬੰਤ ਕੌਰ ਦੀ ਕੁਖੋਂ ਹੋਇਆ। ਆਪ ਜੀ ਦੇ ਪਿਤਾ ਸ੍ਰੀ ਠਾਕਰ ਦਾਸ ਜੀ ਅਗਾਂਹ ਵਾਧੂ ਖਿਆਲਾਂ ਨੇ ਸਨ ਤੇ ਰਿਪਬਲਿਕਨ ਪਾਰਟੀ ਆਫ ਇੰਡੀਆ ਦੇ ਮੈਂਬਰ ਸਨ। ਆਪ ਜੀ ਦੇ ਪਿਤਾ ਸ੍ਰੀ ਠਾਕੁਰ ਦਾਸ ਜੀ ਪਿੰਡ ਦੇ ਤਿੰਨ ਵਾਰ ਸਰਪੰਚ ਬਣੇ, ਘਰ ਵਿਚ ਅਫਸਰਾਂ ਦਾ ਆਉਣਾ-ਜਾਣਾ ਸੀ, ਜਿਸ ਕਾਰਨ ਸ੍ਰੀ ਜੋਗਿੰਦਰ ਪਾਲ ਜੀ ਨੇ ਦਸ ਸਾਲ ਦੀ ਉਮਰ ਵਿਚ ਅਫਸਰ ਬਣਨ ਦਾ ਦ੍ਰਿੜ ਮਨ ਬਣਾ ਲਿਆ ਸੀ। ਗਿਆਰਾਂ ਸਾਲ ਦੀ ਉਮਰ ਵਿਚ ਆਪ ਜੀ ਦੇ ਮਾਤਾ ਬੰਤ ਕੌਰ ਜੀ ਆਪ ਜੀ ਨੂੰ ਵਿਛੋੜਾ ਦੇ ਗਏ। ਆਪ ਜੀ ਨੇ ਮਾਤਾ ਜੀ ਦੇ ਦਿਹਾਂਤ ਤੋਂ ਬਾਅਦ ਆਪਣੇ ਛੋਟੇ ਭਰਾ ਤੇ ਭੈਣ ਦੀ ਦੇਖ-ਰੇਖ ਦੀ ਜ਼ੁਮੇਵਾਰੀ ਨਿਭਾਈ। ਸਖਤ ਮਿਹਨਤ ਤੋਂ ਬਾਅਦ ਆਪ ਜੀ ਨੇ ਪੜ੍ਹਾਈ ਪੂਰੀ ਕੀਤੀ। 1966 ਵਿਚ ਗੌਰਮਿੰਟ ਕਾਲਜ ਟਾਂਡਾ ਵਿਚ ਬੀ.ਏ. ਪਹਿਲੀ ਪੁਜੀਸ਼ਨ ਨਾਲ ਕੀਤੀ। 1968 ਵਿਚ ਗੌਰਮਿੰਟ ਕਾਲਜ ਹੁਸ਼ਿਆਰਪੁਰ ਤੋਂ ਐਮ.ਏ. ਕੀਤੀ ਅਤੇ ਕਾਲਜ ਵਿਚੋਂ ਫਸਟ ਰਹੇ। 1969 ਵਿਚ ਆਪ ਜੀ ਨੇ ਸਿਵਲ ਸਰਵਿਸਿਜ (ਆਈ.ਏ.ਐਸ., ਆਈ.ਪੀ.ਐਸ., ਆਈ.ਆਰ.ਐਸ.) ਦੀ ਪ੍ਰੀਖਿਆ ਸਫਲ ਕੀਤੀ। ਇੰਡੀਆ ਰਿਵਨਿਊ ਸਰਵਿਸ ਇਨਕਮ ਟੈਕਸ ਵਿਚ ਸਿਲੈਕਟ ਹੋ ਗਏ। 21 ਨਵੰਬਰ 1970 ਵਿਚ ਅਹੁਦਾ ਪ੍ਰਾਪਤ ਕੀਤਾ ਤੇ ਟ੍ਰੇਨਿੰਗ ਤੋਂ ਬਾਅਦ ਰਾਜਕੋਟ ਗੁਜਰਾਤ ਵਿਚ ਪੋਸਟਿੰਗ ਹੋਈ। 1975 ਵਿਚ ਜਾਮ ਨਗਰ ਗੁਜਰਾਤ ਵਿਚ ਟ੍ਰਾਂਸਫਰ ਹੋਈ ਤੇ ਪਿਛੋਂ ਅਹਿਮਦਾਬਾਦ (ਗੁਜਰਾਤ) ਵਿਚ ਚਲੇ ਗਏ। 1978 ਵਿਚ ਅੰਡਰ ਸੈਕਟਰੀ ਗੌਰਮਿਟ ਆਫ ਇੰਡੀਆ ਵਿਚ ਸਿਲੈਕਸ਼ਨ ਹੋ ਗਈ। ਆਪ ਮਨਿਸਟਰੀ ਦੇ ਅੰਦਰ ਹੀ ਡਿਪਟੀ ਸੈਕਟਰੀ ਗੌਰਮਿੰਟ ਆਫ ਇੰਡੀਆ ਰਹੇ ਤੇ ਉਥੇ 1982 ਤੱਕ ਸੇਵਾ ਕੀਤੀ। 1982 ਵਿਚ ਇਨਕਮ ਟੈਕਸ ਵਿਚ ਵਾਪਸੀ ਹੋਈ। ਸੁਪਰੀਮ ਬਾਡੀ ਆਫ ਇਨਕਮ ਟੈਕਸ ਮਨਿਸਟਰੀ ਆਫ ਫਾਈਨਾਂਸ ਨਿਊ ਦਿੱਲੀ ਵਿਚ ਪੋਸਟ ਹੋਏ। 1983 ਵਿਚ ਜੁਆਇੰਟ ਕਮਿਸ਼ਨਰ ਆਫ ਇਨਕਮਟੈਕਸ (ਜੰਮੂ), ਮਾਰਚ 1984 ਨੂੰ ਫਿਰ ਦਿੱਲੀ ਸੇਵਾ ਨਿਯੁਕਤ ਹੋਏ। 1989 ਵਿਚ ਮੁੰਬਈ ਵਿਚ ਟਰਾਂਸਫਰ ਹੋਈ। 1993 ਵਿਚ ਕਮਿਸ਼ਨਰ ਆਫ ਇਨਕਮ ਟੈਕਸ ਦੀ ਪਰਮੋਸ਼ਨ ਹੋਈ ਤੇ ਮੁੰਬਈ ਵਿਚ ਪੋਸਟ 'ਤੇ ਰੱਖਿਆ ਗਿਆ। 1996 ਵਿਚ ਜੁਆਇੰਟ ਸੈਕਟਰੀ ਗੌਰਮਿੰਟ ਆਫ ਇੰਡੀਆ ਅਤੇ ਇੰਪੋਰਟਮੇਟ ਨੈਸ਼ਨਲ ਕਮਿਸ਼ਨ ਆਫ ਮਾਇਓਨਾਰਟੀ ਵਿਚ ਸਿਲੈਕਸ਼ਨ ਹੋ ਗਈ ਤੇ ਦਸੰਬਰ 1996 ਨੂੰ ਅਹੁਦਾ ਸੰਭਾਲਿਆ। ਅਪ੍ਰੈਲ 1999 ਵਿਚ ਇਨਕਮ ਟੈਕਸ ਐਪਲੋਟੇਵ ਟਰਬਿਊਲ ਜੋ ਕਿ ਮਨਿਸਟਰੀ ਆਫ ਲਾਅ ਐਂਡ ਜਸਟਿਸ ਗੌਰਮਿੰਟ ਆਫ ਇੰਡੀਆ ਨਿਊ ਦਿੱਲੀ ਵਿਚ ਸਿਲੈਕਸ਼ਨ ਹੋਈ। ਅਪ੍ਰੈਲ 1999 ਤੋਂ ਅਕਤੂਬਰ 1999 ਤੱਕ ਦਿੱਲੀ ਰਹੇ। ਨਵੰਬਰ 1999 ਤੋਂ ਫਰਵਰੀ 2000 ਤੱਕ ਹੈਦਰਾਬਾਦ ਆਏ, ਉਸ ਤੋਂ ਬਾਅਦ ਮਾਰਚ 2000 ਵਿਚ ਚੰਡੀਗੜ੍ਹ ਵਿਚ ਆਏ ਤੇ ਅਪ੍ਰੈਲ 2004 ਤੱਕ ਸੇਵਾ ਨਿਭਾਈ। ਫਿਰ ਅਪ੍ਰੈਲ 2004 ਵਿਚ ਜੋਧਪੁਰ ਵਿਚ ਗਏ ਤੇ ਨਵੰਬਰ 2004 ਤੱਕ ਰਹੇ। ਇਸ ਤੋਂ ਬਾਅਦ 2004 ਤੋਂ ਅੰਮ੍ਰਿਤਸਰ ਬੈਂਚ ਵਿਚ ਜਿਥੋਂ ਆਪ ਜੀ 29 ਫਰਵਰੀ 2008 ਵਿਚ ਰਿਟਾਇਰਡ ਹੋਏ। ਨੌਕਰੀ ਦੌਰਾਨ ਆਪ ਨੂੰ ਦੋ ਵਾਰ ਅੰਤਰ ਰਾਸ਼ਟਰੀ ਕੋਰਸ ਐਵੇਡਿਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। 1980 ਵਿਚ ਆਪ ਲੰਡਨ ਯੂ.ਕੇ. ਵਿਚ ਮੈਨੇਜਮੈਂਟ ਸਰਵਿਜਿਸ ਰੋਰਸ, ਰੋਇਲ ਇੰਸਟੀਚਿਊਟ ਆਫ ਪਬਲਿਕ ਐਂਡ ਮਨਿਸਟਰੇਸ਼ਨ ਲੰਡਨ ਯੂ.ਕੇ. ਗਏ, ਜਿਸ ਵਿਚ 21 ਦੇਸ਼ਾਂ ਦੇ ਅਫਸਰ ਸ਼ਾਮਿਲ ਹੋਏ। ਮੈਨੇਜਮੈਂਟ ਸਰਵਿਸ ਕੋਰਸ ਆਫ ਸੀਨੀਅਰ ਟੈਕਸ ਐਡਮਨਿਸਟਰੇਟਰਜ਼ ਆਫ ਕਾਮਨ ਵੈਲਥ ਕਨਟਰੀਜ਼ ਜੋ ਅਪ੍ਰੈਲ 1992 ਤੋਂ ਅਗਸਤ 1992 ਤੱਕ ਬ੍ਰਿਟਿਸ਼ ਸਰਕਾਰ ਯੂ.ਕੇ. ਵਿਚ ਹੋਈ, ਜਿਸ ਵਿਚ 18 ਦੇਸ਼ਾਂ ਦੇ ਅਫਸਰ ਸਾਹਿਬਾਨ ਸ਼ਾਮਿਲ ਹੋਏ। ਆਪ ਜੀ ਦੀਆਂ ਪ੍ਰਾਪਤੀਆਂ ਪਿੱਛੇ ਆਪ ਜੀ ਦੀ ਮਿਹਨਤ, ਲਗਨ ਅਤੇ ਜੋਸ਼ ਬੋਲਦਾ ਹੈ, ਉਥੇ ਆਪ ਜੀ ਦੀ ਸੁਪਤਨੀ ਸ੍ਰੀਮਤੀ ਪਰਮਿੰਦਰ ਕੌਰ ਜੀ ਦਾ ਵੀ ਸਹਿਯੋਗ ਰਿਹਾ। ਆਪ ਜੀ ਦੇ ਦੋ ਬੇਟੇ ਰਵਿੰਦਰ ਕੁਮਾਰ (ਆਈ.ਟੀ. ਐਸ.) ਜਲੰਧਰ ਅਡੀਸ਼ਨਲ ਜਨਰਲ ਮੈਨੇਜਰ (ਬੀ.ਐਸ.ਐਨ.ਐਲ.), ਦੂਸਰਾ ਸਪੁੱਤਰ ਅਸ਼ਵਨੀ ਕੁਮਾਰ (ਮਰਚੈਂਟ ਨੇਵੀ ਵਿਚ ਕਪਤਾਨ) ਤੇ ਇਕ ਬੇਟੀ ਸ੍ਰੀਮਤੀ ਜਸਵਿੰਦਰ ਕੌਰ ਆਪ ਜੀ ਆਪਣੇ ਪਰਿਵਾਰ ਸਮੇਤ ਜਲੰਧਰ ਵਿਖੇ ਰਹਿ ਰਹੇ ਹਨ।

—ਰਾਜੇਸ਼ ਕੈਂਥ ਭਬਿਆਣਵੀ



ਜੈ ਸਤਿਗੁਰੂ
ਰਵਿਦਾਸ ਕਹੋ,
ਸਦਾ ਸੁਖੀ ਰਹੋ।



## ਡੇਰਾ 108 ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਵਿਖੇ ਸ਼ਰਧਾਲੂ ਪਰਿਵਾਰਾਂ ਵਲੋਂ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਾਵਨ ਅੰਮ੍ਰਿਤਬਾਣੀ ਦੇ ਜਾਪ ਕਰਵਾਏ ਗਏ।

ਪਹਿਲੇ ਜਾਪ ਮਹਾਂਰਿਸ਼ੀ ਭਗਵਾਨ ਵਾਲਮੀਕਿ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਦੀ ਖੁਸ਼ੀ ਵਿਚ ਡੇਰੇ ਦੇ ਸੰਚਾਲਕ ਮੌਜੂਦਾ ਗੱਦੀ ਨਸ਼ੀਨ ਸਤਿਗੁਰੂ ਸੁਆਮੀ ਨਿਰੰਜਣ ਦਾਸ ਜੀ ਮਹਾਰਾਜ ਵਲੋਂ ਕਰਵਾਏ ਗਏ।

ਦੂਸਰੇ ਜਾਪ ਡੇਰੇ ਦੇ ਸੰਚਾਲਕ ਮੌਜੂਦਾ ਗੱਦੀ ਨਸ਼ੀਨ ਸਤਿਗੁਰੂ ਸੁਆਮੀ ਨਿਰੰਜਣ ਦਾਸ ਜੀ ਮਹਾਰਾਜ ਵਲੋਂ ਸਰਬੱਤ ਦੇ ਭਲੇ ਲਈ ਕਰਵਾਏ ਗਏ।

ਤੀਜੇ ਜਾਪ ਸ਼੍ਰੀ ਰਾਮ ਚੰਦ ਜੀ ਸਵਰਗੀਯ ਬੀਬੀ ਕਰਤਾਰੀ ਜੀ ਦੇ ਸਪੁੱਤਰ ਸ਼੍ਰੀ ਕਸ਼ਮੀਰੀ ਜੀ ਤੇ ਬੀਬੀ ਕਮਲੇਸ਼ ਜੀ ਯੂ.ਕੇ. ਵਾਲਿਆਂ ਵਲੋਂ ਪਰਿਵਾਰ ਦੀ ਸੁੱਖਸ਼ਾਂਤੀ ਅਤੇ ਚੜ੍ਹਦੀ ਕਲਾ ਵਾਸਤੇ ਕਰਵਾਏ ਗਏ।

ਚੌਥੇ ਜਾਪ ਸ੍ਰੀ ਸ਼ਿੰਗਾਰੀ ਲਾਲ ਜੀ ਪੁੱਤਰ ਸ਼੍ਰੀ ਭਗਤ ਰਾਮ ਜੀ ਪਿੰਡ ਤਾਜਪੁਰ ਵਾਲਿਆਂ ਵਲੋਂ ਪਰਿਵਾਰ ਦੀ ਸੁੱਖਸ਼ਾਂਤੀ ਤੇ ਚੜ੍ਹਦੀ ਕਲਾ ਵਾਸਤੇ ਕਰਵਾਏ ਗਏ।

ਪੰਜਵੇਂ ਜਾਪ ਸ੍ਰੀ ਰਵੀ ਪੜਬੱਗਾ ਬੀਬੀ ਸ਼ਾਂਤੀ ਜੀ ਤੇ ਉਨ੍ਹਾਂ ਦੀ ਸਪੁੱਤਰੀ ਮਨਪ੍ਰੀਤ ਤੇ ਬੇਟਾ ਗੁਰਿੰਦਰ ਦੇ ਜਨਮ ਦਿਨ ਦੀ ਖੁਸ਼ੀ ਵਿਚ ਕਰਵਾਏ ਗਏ।

ਛੇਵੇਂ ਜਾਪ ਸ੍ਰੀ ਮੁਲਖ ਰਾਜ ਮਾਨ ਤੇ ਬੀਬੀ ਪਿਆਰੀ ਜੀ ਯੂ.ਕੇ. ਵਾਲਿਆਂ ਵਲੋਂ ਪਰਿਵਾਰਕ ਸੁੱਖਸ਼ਾਂਤੀ ਵਾਸਤੇ ਕਰਵਾਏ ਗਏ।

ਡੇਰਾ ਸੱਚਖੰਡ ਬੱਲਾਂ ਦੇ ਪਾਵਨ ਦਰਬਾਰ ਸ੍ਰੀ ਗੁਰੂ ਰਵਿਦਾਸ ਸਤਿਸੰਗ ਹਾਲ ਵਿਚ ਸ਼ਰਧਾਲੂ ਪਰਿਵਾਰਾਂ ਵਲੋਂ ਪਰਮ ਪੂਜਿਐ ਸਤਿਕਾਰਯੋਗ ਸਤਿਗੁਰੂ ਨਿਰੰਜਣ ਦਾਸ ਮਹਾਰਾਜ ਜੀ ਦੀ ਪਾਵਨ ਸਰਪ੍ਰਸਤੀ ਹੇਠ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤਬਾਣੀ ਦੇ ਜਾਪ ਹੋਏ। ਇਸ ਸੁਭਾਗੇ ਸਮੇਂ 'ਤੇ ਸਤਿਕਾਰਯੋਗ ਸੁਆਮੀ ਨਿਰੰਜਣ ਦਾਸ ਜੀ ਮਹਾਰਾਜ ਦੇ ਆਸ਼ੀਰਵਾਦ ਨਾਲ ਪਰਮ ਸਤਿਕਾਰਯੋਗ ਸੰਤ ਸੁਰਿੰਦਰ ਦਾਸ ਬਾਵਾ ਜੀ ਹੁਰਾਂ ਨੇ ਅੰਮ੍ਰਿਤਮਈ ਰਸਨਾ ਦੁਆਰਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਸ਼ਬਦਾਂ ਰਾਹੀਂ ਸ਼ਰਧਾਲੂ ਸੰਗਤਾਂ ਨੂੰ 1 ਘੰਟਾ ਸਤਿਸੰਗ ਸਰਵਣ ਕਰਵਾਇਆ। ਸੰਗਤਾਂ ਪਰਮੇਸ਼ਰ ਦੀ ਮਹਿਮਾ ਸਰਵਣ ਕਰਕੇ ਭਰਪੂਰ ਨਿਹਾਲ ਹੋਈਆਂ ਅਤੇ ਜੀਵਨ ਨੂੰ ਸਫਲਾ ਬਣਾਉਣ ਵਾਸਤੇ ਅਰਦਾਸ ਹੋਈ।

## ਜ਼ਰੂਰੀ ਸੂਚਨਾ

ਬੇਗਮਪੁਰਾ ਸ਼ਹਿਰ ਪੱਤ੍ਰਿਕਾ ਦੇ ਸਮੂਹ ਲੇਖਕਾਂ ਤੇ ਪਾਠਕਾਂ ਅਤੇ ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਦੀਆਂ ਸਮੂਹ ਸ਼ਰਧਾਲੂ ਸੰਗਤਾਂ ਅਤੇ ਸੁਨੇਹੀਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਡੇਰਾ ਸੱਚਖੰਡ ਬੱਲਾਂ ਦਰਬਾਰ ਦੇ ਪਰਥਾਏ ਕੁਝ ਵੀ ਲਿਖਣਾ, ਮਹਾਂਪੁਰਸ਼ਾਂ ਦੇ ਸਰੂਪ ਵਾਲੇ ਕੈਲੰਡਰ, ਇਸ਼ਤਿਹਾਰ ਜਾਂ ਕੈਸਟ ਵਗੈਰਾ ਕੱਢਣੀ ਹੋਵੇ ਤਾਂ ਉਸ ਦੀ ਮਨਜ਼ੂਰੀ ਡੇਰਾ ਸੱਚਖੰਡ ਬੱਲਾਂ ਤੋਂ ਪਹਿਲਾਂ ਹੀ ਲੈਣੀ ਹੋਵੇਗੀ। ਜੇਕਰ ਕੋਈ ਡੇਰੇ ਦੀ ਮਨਜ਼ੂਰੀ ਤੋਂ ਬਗੈਰ ਇਸ ਤਰ੍ਹਾਂ ਕਰਦਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਆਪਣੀ ਹੋਵੇਗੀ ਅਤੇ ਡੇਰਾ ਸੱਚਖੰਡ ਵਲੋਂ ਮਰਿਯਾਦਾ ਅਨੁਸਾਰ ਕਾਰਵਾਈ ਹੋਵੇਗੀ।


## ਕੰਨਿਆ ਦੀ ਲੋੜ

**ਰਵਿਦਾਸੀਆ ਲੜਕਾ 4-4-1984 / 5'-5'', ਯੋਗਤਾ (B.A., P.G.D.C.A., M.Sc. (I.T.), M.C.A., Computer Teacher ਵਾਸਤੇ ਸਰਵਿਸ ਕਰਦੀ ਲੜਕੀ ਦੀ ਜ਼ਰੂਰਤ ਹੈ।**

**ਸੰਪਰਕ ਨੰਬਰ—98558-07817, 97797-28316**

# डेरा सच्चखण्ड बल्लां के सान्निध्य में गत् दिनों सम्पन्न विभिन्न कार्यक्रमों का संक्षिप्त विवरण

*मुहल्ला संतोखपुरा (फगवाड़ा)*- मुहल्ला संतोखपुरा एंव नयू संतोखपुरा फगवाड़ा में श्री गुरु रविदास संत सम्मेलन कमेटी एंव संगत की ओर से रविदासिया धर्म को समर्पित महान् संत सम्मेलन श्री 108 संत निरंजन दास महाराज जी की सरप्रस्ती एंव संत सुरिन्दर दास बावा जी की अगुवाई में श्रद्धा सहित मनाया गया, जिसके सम्बन्ध में अमृतवाणी सतगुरु रविदास महाराज जी के जाप करवाए गए। आरती का गायन ज्ञानी मलकीत दास जी एंव ज्ञानी गुरदेव सिंह जी ने किया। उपरांत सर्व कल्याण हेतु अरदास की गई एंवम दीवान सजाए गए जिसमें मलकीत दास जी, मिस. सीमा हीर, बेबी गीतिका एंव मिशनरी गायक बलविन्दर बिट्टू जी ने धार्मिक रचनाएं गाकर संगत को निहाल किया। उपरांत संत लेख राज जी (नूरपुर) ने अपने प्रवचनों से संगत को प्रभू भक्ति से जोड़ा, संत बीबी कृष्णा जी ने संगत को रविदासिया धर्म के नियमों के बारे में बताया एंव संत सुखविन्दर दास जी ने संगत को सतगुरु रविदास महाराज जी की विचारधारा से जोड़ा।

इसके बाद श्री 108 संत निरंजन दास महाराज जी के वजीर संत सुरिन्दर दास बावा जी ने अमृतवाणी श्री गुरु रविदास महाराज जी के शब्द 'नागर जना मेरी जाति बिखिआत चमार' की व्याख्या कर संगत को अनमोल ज्ञान प्रदान किया। उन्होंने कहा कि हमारा धर्म रविदासिया है, जिस पर हमें गर्व है। अमृतवाणी हमारी धार्मिक पुस्तक है। हमें अपने धर्म के नियमों का पालन करना चाहिए। उन्होंने बताया कि श्री 108 संत सरवण दास जी ने जगत गुरु रविदास जी के मिशन को जन-जन तक पहुँचाया एंव संत रामानंद की शहादत गुरु जी के मिशन को पुरा करने में हुई है। उन्होंने शहीद विजय कुमार, शहीद तेलू राम जी, शहीद रजिन्दर कुमार जी एंवम शहीद बलकार सिंह के बारे में प्रकाश डालते हुए कहा कि उनका नाम हमेशा अमर रहेगा। इस समागम में संत कृष्ण नाथ (चहेड़ू) वालों ने अपनी हाजिरी भरी। प्रबन्धकों की ओर से संत महापुरुषों को सम्मानित किया गया। मंच संचालन की सेवा मा. सोम राज जी ने निभाई। गुरु का अटूट भंडारा वरताया गया। ooooooooooooooo

*गाँव पलाही (फगवाड़ा)*-तिथि 8-9-2011 को रविदासिया धर्म सोसाईटी पलाही (फगवाड़ा) की ओर से रविदासिया धर्म को समर्पित महान् संत सम्मेलन श्री 108 संत निरंजन दास जी महाराज की सरप्रस्ती में श्रद्धा सहित मनाया गया, जिसके सम्बन्ध में अमृतवाणी सतगुरु रविदास महाराज जी के जाप करवाए गए। ज्ञानी मलकीत दास जी, ज्ञानी गुरदेव सिंह जी एवं परमिन्द्र कुमार जी ने आरती गायन की। उपरांत सर्व कल्याण हेतु अरदास की गई। कीर्तन दीवान सजाए गए जिसमें ज्ञानी मलकीत दास जी ने (जावां नित-नित मैं बलिहारे), बेबी संगीता एवं अैलफ जी ने (सच्चखण्ड बल्लां विच रब्ब वसदा) एवं कुलवंत कजला जी ने मिशनरी रचनाएं गाकर संगत में नया जोश भरा। संत प्रीतम दास जी (संगतपुर), संत बीबी कृष्णा जी (बोपाराए कलां) एवं संत सुखविंदर दास जी (ढड्डे) वाले महापुरुषों ने अपने प्रवचनों द्वारा संगत को गुरु रविदास महाराज जी के मिशन से जोड़ा। संत लेखराज जी नूरपुर वालों ने अपने प्रवचनों से संगत को अनमोल ज्ञान प्रदान किया। उपरांत श्री 108 संत निरंजन दास महाराज जी के आदेशनुसार पहुंचे सतगुरु के सहयोगी संत सुरिन्दर दास बावा जी ने अपने अनमोल प्रवचनों से संगत को जगतगुरु रविदास महाराज जी के प्रोपकारों के बारे में ज्ञान दिया। उन्होंने कहा कि संत सरवण दास महाराज जी ने सतगुरु रविदास महाराज जी के मिशन को जन-जन तक पहुँचाया। संत रामा नंद जी की शहादत से जगतगुरु रविदास महाराज जी के मिशन ने अपनी शिखर प्राप्त की। उन्होंने कहा कि शहीद विजय कुमार जी, शहीद तेलू राम जी, शहीद रजिन्द्र कुमार जी एवं शहीद बलकार सिंह जी का नाम हमेशा अमर रहेगा। जिन्होंने मिशन के लिए अपनी जान कुर्बान की है। बावा जी ने कहा कि हमें अपने धर्म का प्रचार एवं सभी धर्मों का सम्मान करना चाहिए और हमें अपने सतगुरुओं के सपनों को साकार करना चाहिए। इस समागम में संत कृष्ण दास जी (चहेड़ू) संत रणजीत दास जी, संत राणा दास जी एवं संत अवतार दास जी ने भी अपनी हाज़री भरी। प्रबन्धकों की ओर से संत महापुरुषों एवं सेवादारों के सम्मानित किया गया। मंच संचालन की सेवा मा॰ सोमराज जी ने निभाई। उपरांत गुरु का अटूट भण्डारा वरताया गया।

ooooooooooooooo

*मुकेरियां*-तिथि 10-9-2011, दिन शनिवार को मुकेरियां दुशहरा गराऊँड में शिरोमणि सतगुरु रविदास सेवक सभा एवं इलाके की संगत की ओर से जगतगुरु रविदास महाराज जी की विचारधारा एवं रविदासिया धर्म के स्थापना दिवस को समर्पित एवं संत सरवण दास और संत रामानंद जी की याद में 7वां महान् संत सम्मेलन श्री 108 संत निरंजन दास महाराज जी की सरप्रस्ती एवं संत सुरिन्दर दास बावा जी की अगुवाई में श्रद्धा सहित मनाया गया, जिसके सम्बन्ध में अमृतवाणी के जाप करवाए गए। उपरांत आरती गायन श्री नरिन्द सिंह, ज्ञानी साधू सिंह, ज्ञानी इन्द्रजीत निक्का ने किया। मानवता के कल्याण की अरदास उपरांत नरिन्द्र सिंह, बेबी मनप्रीत कौर, बीबी कुलवंत कौर, नवजोत कलसीया, श्री कुलवंत कजला, जोगिन्द्र दुखिया जी ने अमृतवाणी के शब्द एवं मिशनरी रचनायों से संगत को मंत्रमुग्ध किया। इसके उपरांत संत लेख राज जी (नूरपुर), बीबी कृष्णा देवी जी (बोपाराए), संत रामचंद जी (रामपुर), संत तीर्थ सिंह जी (बगोलपुर), संत सतनाम दास जी (करतारपुर), संत रुसतम गिर जी, संत गुरदेव दास जी, संत कैलाश गिर जी, संत उपदेश गिर जी ने इस समागम में अपनी हाज़री भरी। संत प्रेम चंद रछपालमां वालों ने अपने प्रवचन संगत को श्रवण करवाए। इसके उपरांत श्री 108 संत निरंजन दास महाराज जी के वजीर संत सुरिन्दर दास बावा जी ने अपने प्रवचनों द्वारा सतगरु रविदास महाराज जी की विचारधारा एवं संघर्ष मई जीवन और प्रोपकारों के बारे में बताते हुए कहा कि संत सरवण दास महाराज जी ने जगतगुरु रविदास महाराज जी की विचारधारा को जन-जन तक पहुँचाया। संत रामानंद महाराज जी की शहादत से सतगरु रविदास महाराज जी का मिशन और संगत में मिशन के प्रति नया जोश भरा है। बावा जी ने बताया कि शहीद विजय कुमार जी, शहीद तेलू राम जी, शहीद बलकार सिंह जी एवं शहीद रजिन्द्र कुमार जी ने शहादत का जाम पीकर इतिहास के सुनहरे पन्नों पर अपना नाम लिखवाया है। उनका नाम सदा अमर रहेगा। उन्होंने कहा हमारा रहिबर सतगुरु रविदास जी, अमृतवाणी हमारा धार्मिक ग्रंथ, सीरगोवर्धनपुर हमारा तीर्थ स्थान, हरि का निशान हमारा कौमी निशान, जय गुरुदेव हमारा सम्बोधन, हमारा उपदेश सतगरुओं के मिशन का प्रचार-प्रसार एवं सभी धर्मों का सम्मान करना है। उन्होंने कहा कि हमें अपने महापरुषों के सपनों को साकार करना चाहिए। उपरांत मा॰ सोमराज जी ने अपने विचार पेश किए। इस समागम में जो भी माया श्री 108 संत निरंजन दास जी महाराज के चरणों में भेंट की गई वह सारी माया महाराज जी ने प्रबन्धकों को भेंट कर दी। प्रबन्धकों की ओर से आए हुए संत महापुरुषों का सम्मान किया गया। श्री लशकर सिंह प्रधान जी ने इस समागम को सफल बनाने के लिए विशेष भूमिका निभाई एवं इलाके की संगत ने सहयोग दिया। मंच संचालक की सेवा श्री गुरदयाल सिंह प्रधान जी ने बाखूबी निभाई। उपरांत गुरु जी का अटूट भण्डारा वरताया गया।

हिन्दी अनुवाद-नीलम रानी

ਸੰਪਾਦਕ, ਪ੍ਰਿੰਟਰ ਅਤੇ ਪਬਲਿਸ਼ਰ ਸੰਤ ਸੁਰਿੰਦਰ ਦਾਸ ਬਾਵਾ ਨੇ ਰਵਿ ਪ੍ਰਕਾਸ਼ ਪ੍ਰਿੰਟਿੰਗ ਪ੍ਰੈਸ ਮੁਹੱਲਾ ਸੁੰਦਰ ਨਗਰ,ਜਲੰਧਰ ਤੋਂ ਛਪਵਾ ਕੇ ਮੁੱਖ ਦਫ਼ਤਰ ਮੁਹੱਲਾ ਸੁੰਦਰ ਨਗਰ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।